# ਸਾਂਝੀ ਵਿਰਾਸਤ

ਜਿਲਦ 2 ਅੰਕ 21 2023 ਅੱਸੂ (ਸਤੰਬਰ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ–ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bingual) On-line magazine of

**Panjabi Language, Culture, History and Heritage**

Website: **sanjhivirasat.org**

ਵਿਸ਼ਾ ਸੂਚੀ (ਸਤੰਬਰ 2023)


| | | | |
|---|---|---|---|
| 1. | ਸੰਪਾਦਕੀ ਨੋਟ | ਮੁੱਖ ਸੰਪਾਦਕ | 3 |
| 2. | ਬਾਰਹ ਮਾਹਾ ਤੁਖਾਰੀ ਛੰਤ ਮਹਲਾ 1 – ਵਿਆਖਿਆ | ਮਨਿੰਦਰ ਸਿੰਘ (ਪ੍ਰੋਫ਼ੈਸਰ) | 4 |
| 3. | ਬਾਰਹ ਮਾਹਾ ਮਾਝ ਮਹਲਾ 5 – ਕਾਵਿਕ ਵਿਆਖਿਆ | ਕਰਮਜੀਤ ਸਿੰਘ ਨੂਰ | 5 |
| 4. | ਆਦਿ ਬੀੜ ਦਾ ਪਹਿਲਾ ਪ੍ਰਕਾਸ਼ | ਮਨਿੰਦਰ ਸਿੰਘ (ਪ੍ਰੋਫ਼ੈਸਰ) | 7 |
| 5. | ਧੰਨ ਗੁਰੂ ਰਾਮ ਦਾਸ ਜੀ | ਗੁਰਭਜਨ ਸਿੰਘ ਗਿੱਲ | 9 |
| 6. | ਗੁਰੂ ਨਾਨਕ ਜੀ ਦਾ ਨਿਆਰਾ ਇਨਕਲਾਬ – ਭਾਗ 4 | ਕਾਬਲ ਸਿੰਘ (ਡਾ.), ਬਲਦੇਵ ਸਿੰਘ (ਡਾ.) | 10 |
| 7. | ਕਵਿਤਾ – ਡੁਬਦੇ ਅੱਖਰ | ਹਰਪ੍ਰੀਤ ਅੱਖਰਕਾਰੀ | 13 |
| 8. | ਲ਼ਾਵਾਂ ਦੇ ਪਾਠ ਦਾ ਅਰਥ – ਭਾਗ 3 | ਚਮਕੌਰ ਸਿੰਘ ਬਰਾੜ | 14 |
| 9. | ਕੀ ਸਭ ਨੂੰ ਸਮਝਾਇਆ ਜਾ ਸਕਦਾ ਹੈ ? ਭਾਗ – 3 | ਦੇਵਿੰਦਰ ਸਿੰਘ ਸੇਖੋਂ (ਡਾ.) | 16 |
| 10. | ਪੁਨਰ ਜਨਮ ਬਾਰੇ ਵੈਬੀਨਾਰ | ਗਲੋਬਲ ਸਿੱਖ ਕੌਂਸਿਲ | 18 |
| 11. | ਗੁਰੂ ਰਾਮ ਦਾਸ ਰਾਖਹੁ ਸਰਣਾਈ | ਗੁਰਦੀਸ਼ ਕੌਰ ਗਰੇਵਾਲ | 19 |
| 12. | ਕਿਆ ਕਹਿਣੇ ਦੇਸ ਪੰਜਾਬ ਦੇ | ਨਿਰਵੈਰ ਸਿੰਘ ਅਰਸ਼ੀ | 21 |
| 13. | Proud of our Distinguished Scientists | Surjit Singh Bhatti (Dr.) | 22 |
| 14. | Bringing Cultures Together | Depot Division RCMP | 23 |
| 15. | ਅਨੇਕ ਹੈਂ ! ਫਿਰ ਏਕ ਹੈਂ!! | ਕਰਨਜੀਤ ਸਿੰਘ ਗਿੱਲ (ਡਾ.) | 24 |
| 16. | ਦਸਤਾਰਧਾਰੀ ਜੰਬਾਜ਼ : ਭਾਗ – 2 | ਹਰਸ਼ਿੰਦਰ ਕੌਰ (ਡਾ.) | 25 |
| 17. | Project Gurbani Recording | Kanwal Jit Singh | 27 |
| 18. | ਸਤੰਬਰ ਦਾ ਮਹੀਨਾ | ਰੂਬੀਨਾ ਸਿੰਘ | 31 |
| 19. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 32 |
| 20. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 34 |
| 21. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 35 |

# ਸੰਪਾਦਕੀ ਨੋਟ

## (ਸਤੰਬਰ 2023 ਅੰਕ)

ਪਹਿਲੀ ਸਤੰਬਰ 1604 ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਸ੍ਰੀ ਦਰਬਾਰ ਸਾਹਿਬ, ਅਮ੍ਰਿਤਸਰ, ਵਿਖੇ ਹੋਈ ਸੀ। ਗੁਰੂ ਅਮਰਦਾਸ ਸਾਹਿਬ ਅਤੇ ਗੁਰੂ ਰਾਮਦਾਸ ਸਾਹਿਬ ਦੇ ਜੋਤੀ-ਜੋਤਿ ਸਮਾਵਣ ਦੇ ਦਿਨ (16 ਸਤੰਬਰ) ਉਨ੍ਹਾਂ ਨੂੰ ਸੰਸਾਰ ਭਰ ਵਿਚ ਬੜੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਅੰਗਦ ਸਾਹਿਬ ਦਾ ਗੁਰਗੱਦੀ ਦਿਵਸ 18 ਸਤੰਬਰ ਨੂੰ ਮਨਾਇਆ ਜਾਂਦਾ ਹੈ। ਨਾਨਕਸ਼ਾਹੀ ਕੈਲੰਡਰ ਅਨੁਸਾਰ 15 ਸਤੰਬਰ ਨੂੰ ਅੱਸੂੰ ਦਾ ਮਹੀਨਾ ਸ਼ੁਰੂ ਹੁੰਦਾ ਹੈ।

ਸਤੰਬਰ ਵਿਚ ਜਨ-ਤੰਤਰ, ਸ਼ਾਂਤੀ, ਪਛੜੇ ਲੋਕਾਂ ਦੀ ਸਹਾਇਤਾ ਕਰਨ ਅਤੇ ਸਾਖਰਤਾ ਲਈ ਯਤਨ ਕੀਤੇ ਜਾਂਦੇ ਹਨ। ਹਵਾ ਤੇ ਦਰਿਆਵਾਂ ਨੂੰ ਗੰਦਗੀ ਤੋਂ ਬਚਾਉਣ ਅਤੇ ਪੀਣ ਵਾਲੇ ਪਾਣੀ ਦੀ ਸ਼ੁਧੀ ਬਾਰੇ ਦਿਨ ਮਨਾਏ ਜਾਂਦੇ ਹਨ। ਪਹਿਲੇ ਸੋਮਵਾਰ ਨੂੰ ਮਜ਼ਦੂਰਾਂ ਦਾ ਦਿਨ (**Labor Day**), ਅਤੇ 11 ਤਰੀਕ ਨੂੰ ਬਜ਼ੁਰਗਾਂ ਲਈ ਵਿਸ਼ੇਸ਼ ਦਿਨ ਮਨਾਏ ਜਾਂਦੇ ਹਨ। ਅਗੱਸਤ 2023 ਵਿਚ ਭਾਰਤੀ ਵਿਗਿਆਨੀ (ਜਿਨ੍ਹਾਂ ਵਿਚ ਸਰਦਾਰ ਮਹਿੰਦਰਪਾਲ ਸਿੰਘ ਵੀ ਸ਼ਾਮਲ ਸਨ) ਚੰਦਰਮਾ ਤੇ ਚੰਦਰਯਾਨ ਪੁਚਾਉਣ ਵਿਚ ਸਫਲ ਹੋਏ।

ਜੋ ਲੇਖਕ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ ਮੌਲਿਕ ਰਚਨਾਵਾਂ (ਲੇਖ, ਮਿੰਨੀ ਕਹਾਣੀ, ਆਪ-ਬੀਤੀ ਜਾਂ ਕਵਿਤਾ) ਭੇਜਣਾ ਚਾਹੁੰਦੇ ਹਨ ਉਹ 10 ਤਾਰੀਖ ਤਕ ਭੇਜ ਦਿਆ ਕਰਣ। ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਲੇਖ ਨਹੀਂ ਛਾਪੇ ਜਾਣਗੇ। ਨਾ ਹੀ ਕਿਸੇ ਵਿਵਾਦਤ ਜਾਂ ਰਾਜਨੀਤਿਕ ਵਿਅਕਤੀ ਬਾਰੇ ਜ਼ਿਕਰ ਪਰਵਾਨ ਕੀਤਾ ਜਾਵੇਗਾ।

ਇਕਸਾਰਤਾ ਲਈ ਜ਼ਰੂਰੀ ਜਾਣਕਾਰੀ ਹਰ ਅੰਕ ਦੇ ਅੰਤ ਵਿਚ ਦਿੱਤੀ ਹੈ ਅਤੇ ਇਸ ਦੇ ਵੈਬਸਾਈਟ (**sanjhivirasat.org**) ਤੇ ਵੀ ਹੈ। ਜੇ ਹੋ ਸਕੇ ਤਾਂ ਪੰਜਾਬੀ ਰਚਨਾਵਾਂ "ਅਨਮੋਲ ਲਿਪੀ" ਵਿਚ ਹੀ ਭੇਜੀਆਂ ਜਾਣ। ਅੰਗਰੇਜ਼ੀ ਵਿਚ ਲਿਖੀਆਂ ਰਚਨਾਵਾਂ ਵੀ ਛਾਪੀਆਂ ਜਾਂਦੀਆਂ ਹਨ।

ਮੌਲਿਕ ਰਚਨਾਵਾਂ, ਵੱਧ ਤੋਂ ਵੱਧ (14 ਫ਼ੌਂਟ ਵਿਚ) ਦੋ ਪਨਿੰਆਂ (ਕੁਲ 800 ਸ਼ਬਦਾਂ) ਤਕ ਹੀ ਭੇਜੀਆਂ ਜਾਣ। ਲੰਬੇ ਲੇਖ ਵੈਬਸਾਈਟ ਦੇ 'ਬਲਾਗ' ਉਤੇ ਪਾਏ ਜਾ ਸਕਦੇ ਹਨ। ਲੇਖਕ ਆਪਣੀ ਫੋਟੋ (ਜੇ ਚਾਹੁਣ ਤਾਂ), ਆਪਣੇ ਸ਼ਹਿਰ ਤੇ ਦੇਸ ਦੇ ਨਾਂ, ਈ-ਮੇਲ, ਵੱਟਸਐਪ ਜਾਂ ਫੋਨ ਨੰਬਰ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਦੇਣ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਤੇ ਵਿਚਾਰ ਜ਼ਰੂਰ ਕੀਤਾ ਜਾਵੇਗਾ। ਧੰਨਵਾਦ।

ਡਾ. ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ
(surjitsingh.bhatti@gmail.com)

ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ ॥ਅੰਗ 1108॥

ੴ ਸਤਿਗੁਰ ਪ੍ਰਸਾਦਿ

ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ ॥
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥
ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ ॥
ਦਹ ਦਿਸਿ ਸਾਖ ਹਰੀ ਹਰੀਆਵਲਾ ਸਹਜਿ ਪਕੈ ਸੋ ਮੀਠਾ ॥
ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥11॥

ਵਿਆਖਿਆ

ਪ੍ਰੋਫ਼ੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਲਗਾਤਾਰ ਬਦਲ ਰਹੀ ਕੁਦਰਤ ਦੇ ਪਿਛੋਕੜ ਵਿਚ ਸਤਿਗੁਰਾਂ ਨੇ ਪ੍ਰਭੂ ਪਤੀ ਤੋਂ ਵਿਛੜੀ ਜੀਵ ਰੂਪ ਇਸਤ੍ਰੀ ਦੇ ਮਨੋਭਾਵਾਂ ਦਾ ਬੜਾ ਵੇਦਨਾਮਈ ਵਰਣਨ ਕੀਤਾ ਹੈ । ਭਾਦਰੋਂ ਦੀ ਹੁੰਮਸ ਤੇ ਗਰਮੀ ਮਗਰੋਂ ਅਸੂ ਦੀ ਸੁਹਾਵਣੀ ਰੁੱਤ ਵਿਚ ਜੀਵ ਇਸਤ੍ਰੀ ਦੇ ਮਨ ਵਿਚ ਪ੍ਰਭੂ ਮਿਲਾਪ ਦੀ ਤਾਂਘ ਪਰਬਲ ਹੁੰਦੀ ਹੈ । ਉਹ ਪ੍ਰਭੂ ਮਿਲਾਪ ਤੋਂ ਬਿਨਾ ਵਿਅਕੁਲ ਹੈ । ਸੰਸਾਰ ਦੀ ਮੋਹ ਮਾਇਆ ਵਿਚ ਗੁਆਚੀ ਹੋਈ ਅਰਦਾਸ ਕਰਦੀ ਹੈ ਕਿ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਉਸਨੂੰ ਆਪਣੇ ਨਾਲ ਮਿਲਾ ਲਏ ।ਦੁਨੀਆ ਦੇ ਝੂਠੇ ਮੋਹ ਪਿਆਰ ਵਿਚ ਫੱਸ ਕੇ ਮਨੁੱਖ ਆਪਣੇ ਪ੍ਰੀਤਮ ਪ੍ਰਭੂ ਨਾਲੋਂ ਵਿਛੁੜ ਕੇ ਖੁਆਰ ਹੋ ਰਿਹਾ ਹੈ। ਪਿਲਛੀ ਤੇ ਕਾਹੀ ਦੇ ਸਫ਼ੈਦ ਬੂਰ ਵਾਂਗ ਕੇਸ ਚਿੱਟੇ ਹੋ ਗਏ ਹਨ। ਮੌਸਮ ਦੇ ਬਦਲਣ ਵਾਂਗ ਸਰੀਰ ਦਾ ਨਿੱਘ ਪਿਛੇ ਰਹਿ ਗਿਆ ਹੈ ਤੇ ਅਗਲੇ ਮੌਸਮ ਵਾਂਗ ਸਰਦੀ ਤੇ ਪਾਲੇ ਵਰਗੀ ਸਰੀਰਕ ਕਮਜ਼ੋਰੀ ਨੇ ਘੇਰ ਲਿਆ ਹੈ। ਇਹ ਤਮਾਸ਼ਾ ਵੇਖ ਕੇ ਮਨ ਘਬਰਾ ਜਾਂਦਾ ਹੈ। ਪਰੰਤੂ ਆਸ ਪਾਸ ਬਨਸਪਤੀ ਦੀਆਂ ਹਰੀਆਂ ਸ਼ਾਖਾਵਾਂ ਵੇਖ ਕੇ ਮਨ ਵਿਚ ਧੀਰਜ ਆ ਜਾਂਦਾ ਹੈ।ਜਿਹੜਾ ਜੀਵ ਅਡੋਲ ਅਵੱਸਥਾ ਵਿਚ ਪ੍ਰਭੂ ਦੁਆਰਾ ਹੋ ਰਹੇ ਪ੍ਰਵਰਤਨ ਵਿਚ ਮਨ ਨੂੰ ਟਿਕਾ ਕੇ ਅਡੋਲ ਅਵੱਸਥਾ ਵਿਚ ਰਹਿੰਦਾ ਹੈ ਉਹ ਜੀਵਨ ਦੀ ਮਿਠਾਸ ਅਨੁਭਵ ਕਰਦਾ ਹੈ। ਸਤਿਗੁਰਾਂ ਦੀ ਵਿਚੋਲਗੀ ਨਾਲ ਹੇ ਪਿਆਰੇ ਪ੍ਰਭੂ! ਅੱਸੂ ਰੂਪੀ ਇਸ ਉਮਰ ਵਿਚ ਮੇਹਰ ਕਰ ਕੇ ਮੈਨੂੰ ਆਪਣੇ ਮਿਲਾਪ ਦੀ ਦਾਤ ਬਖਸ਼ੋ ।



ਬਾਰਹ ਮਾਹਾ ਮਾਝ ਮਹਲਾ ੫ ਘਰੁ ੪

ਅੱਸੂ ਦੇ ਮਹੀਨੇ ਦਾ ਪਾਠ ਅਤੇ ਵਿਆਖਿਆ

ੴ ਸਤਿਗੁਰ ਪ੍ਰਸਾਦਿ ।

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥੮॥

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ - 134)

ਵਿਆਖਿਆ

ਇੰਜੀ. ਸਰਦਾਰ ਕਰਮਜੀਤ ਸਿੰਘ ਨੂਰ

ਜਲੰਧਰ (ਭਾਰਤ)

ਅੱਸੂ ਦੇ ਮਹੀਨੇ ਰਾਹੀਂ ਪੰਚਮ ਪਾਤਸ਼ਾਹ ਸਾਨੂੰ ਸੰਸਾਰੀ ਜੀਵਾਂ ਨੂੰ ਉਪਦੇਸ਼ ਕਰ ਰਹੇ ਹਨ ਕਿ ਅੱਸੂ ਦੀ ਮਿੱਠੀ ਮਿੱਠੀ ਰੁੱਤ ਵਿਚ ਪ੍ਰਭੂ ਦਾ ਪ੍ਰੇਮ ਉਛਾਲੇ ਮਾਰਦਾ ਹੈ ਕਿ ਉਸ ਨੂੰ ਕਿਵੇਂ ਮਿਲਿਆ ਜਾਵੇ। ਮਨ ਅਤੇ ਤਨ ਵਿਚ ਉਸ ਦੇ ਦਰਸ਼ਨਾਂ ਦੀ ਬੜੀ ਪਿਆਸ ਲੱਗੀ ਹੈ। ਪ੍ਰਭੂ ਦੇ ਪਿਆਰੇ ਏਸ ਪਰੇਮ ਨੂੰ ਵਧਾਉਣ ਵਿਚ ਮਦਦਗਾਰ ਹੁੰਦੇ ਹਨ ਮੈਂ ਉਨ੍ਹਾਂ ਦੀ ਚਰਨੀਂ ਲਗਾਂ। ਪ੍ਰਭੂ ਤੋਂ ਬਿਨਾਂ ਆਨੰਦ ਦੀ ਪ੍ਰਾਪਤੀ ਕਿਵੇਂ ਹੋਵੇ ਜਦੋਂ ਕਿ ਕੋਈ ਹੋਰ ਥਾਂ ਨਹੀਂ ਹੈ।ਜਿਨ੍ਹਾਂ ਨੇ ਪ੍ਰਭੂ ਦੇ ਪ੍ਰੇਮ ਦਾ ਸਵਾਦ ਚੱਖ ਲਿਆ, ਉਹ ਰੱਜ ਗਏ ਹਨ। ਉਹ ਆਪਾ ਭਾਵ ਤਿਆਗ ਕੇ ਇਹੀ ਅਰਦਾਸ ਕਰਦੇ ਹਨ ਕਿ ਪ੍ਰਭੂ ਅਪਨੇ ਲੜ ਲਾਈ ਰੱਖੇ ਜਿਨ੍ਹਾਂ ਜੀਵ-ਇਸਤਰੀਆਂ ਨੂੰ ਪ੍ਰਭੂ ਪਤੀ ਨੇ ਆਪਣੇ ਨਾਲ ਮਿਲਾ ਲਿਆ ਹੈ ਉਹ ਫਿਰ ਵਿਛੜ ਕੇ ਕਿਤੇ ਨਹੀਂ ਜਾਂਦੀਆਂ। ਕਿਉਂਕਿ ਹੇ ਨਾਨਕ ਪ੍ਰਭੂ ਦੀ ਸ਼ਰਨ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ।ਜਿਨ੍ਹਾਂ ਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ ਉਹ ਜੀਵ-ਇਸਤਰੀਆਂ ਸੁਖੀ ਵਸਦੀਆਂ ਹਨ।

ਭਾਵ ਅਰਥ

ਅੱਸੂ ਦੇ ਮਹੀਨੇ ਦੀ ਮਿੱਠੀ-ਮਿੱਠੀ ਰੁੱਤ ਵਿੱਚ ਜੀਵ ਇਸਤ੍ਰੀ ਪ੍ਰਭੂ-ਪਤੀ ਨੂੰ ਮਿਲਣਾ ਲੋਚਦੀ ਹੈ। ਕਿਉਂਕਿ ਉਸ ਦੇ ਮਿਲਾਪ ਵਿੱਚ ਜੋ ਅਨੰਦ ਹੈ ਉਹ ਹੋਰ ਕਿਤੇ ਨਹੀਂ ਹੈ। ਇਸ ਲਈ ਆਪਣਾ ਆਪਾ ਛੱਡ ਕੇ ਅਰਦਾਸ ਕਰਨੀ ਚਾਹੀਦੀ ਹੈ ਕਿ ਪ੍ਰਭੂ ਪ੍ਰਮਾਤਮਾਂ ਸਾਨੂੰ ਆਪਣੇ ਲੜ ਲਾਈ ਰੱਖੇ। ਉਸ ਦੀ ਕਿਰਪਾ ਨਾਲ ਸਦੀਵੀ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ।

# ਅੱਸੂ ਦੇ ਮਹੀਨੇ ਦੀ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ - 9815023970

ਅੱਸੂਆ ਵੇ! ਦੱਸ ਕਿਵੇਂ ਮਿਲਾਂ ਮੈਂ ਪਿਆਰੜੇ
ਨੂੰ, ਬੜਾ ਮੈਨੂੰ ਚਾਅ ਤੇ ਉਮਾਹ ਹੈ ।
ਆਣ ਕੇ ਮਿਲਾਵੇ, ਮੇਰੀ ਪਿਆਸ ਨੂੰ ਬੁਝਾਵੇ
ਕੋਈ, ਤਨੋਂ ਮਨੋਂ ਮਿਲਣੇ ਦੀ ਚਾਹ ਹੈ ।

ਪ੍ਰਭੂ ਦੇ ਪਿਆਰੇ ਸੰਤ ਕਰਨਗੇ ਸਹਾਇਤਾ,
ਜੇ ਚਰਨੀ ਉਨ੍ਹਾਂ ਦੇ ਲੱਗ ਜਾਵਾਂਗੇ ।
ਪ੍ਰਭੂ ਤੋਂ ਬਗੈਰ ਦੂਜੀ ਥਾਂ ਹੀ ਨਹੀਂ ਹੋਰ ਕੋਈ,
ਦੱਸੋ ਫੇਰ ਸੁੱਖ ਕਿੱਥੇ ਪਾਵਾਂਗੇ ।

ਚੱਖ ਲਿਆ ਰਸ ਜਿੰਨਾਂ ਪ੍ਰਭੂ ਦੇ ਪ੍ਰੇਮ ਵਾਲਾ,
ਰੱਜ ਗਏ ਤੇ ਹੋ ਗਏ ਨਿਹਾਲ ਉਹ ।
ਆਪਾ ਭਾਵ ਛੱਡ ਕੇ ਤੇ ਕਰਦੇ ਨੇ ਬੇਨਤੀ,
ਜੇ ਲਾਵੇ ਲੜ ਆਪਣੇ ਦੇ ਨਾਲ ਉਹ ।

ਜਿਨ੍ਹਾਂ ਨੂੰ ਪ੍ਰਭੂ ਪਤੀ ਨਾਲ ਹੈ ਮਿਲਾ ਲੈਂਦਾ,
ਸਕਦਾ ਵਿਛੋੜਾ ਕਦੇ ਪੈ ਨਹੀਂ ।
ਨਾਨਕ ਜੀ ਆਖਦੇ ਨੇ, ਮੈਂ ਹਾਂ ਉਹਦੀ ਸ਼ਰਨ
ਵਿੱਚ, ਜੀਹਦੇ ਬਿਨਾਂ ਦੂਜਾ ਹੋਰ ਹੈ ਨਹੀਂ ।

ਅੱਸੂ ਦੇ ਮਹੀਨੇ ਵਿੱਚ ਉਹੀ ਜੀਵ
ਇਸਤ੍ਰੀਆਂ,
ਸੁੱਖਾਂ ਵਿੱਚ ਸਦਾ ਨੇ ਵਸੇਂਦੀਆਂ।
'ਨੂਰ' ਜਿਨ੍ਹਾਂ ਉੱਤੇ ਕਰੇ ਮੇਹਰ ਪਰਮਾਤਮਾ,
ਉਹ ਸਦਾ ਹੀ ਆਨੰਦ ਨੇ ਕਰੇਂਦੀਆਂ ॥



# ਆਦਿ ਬੀੜ ਦਾ ਪਹਿਲਾ ਪ੍ਰਕਾਸ਼

ਪ੍ਰੋਫ਼ੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਗੁਰੂ ਸਾਹਿਬਾਨ ਨੇ ਆਪਣੀ ਬਾਣੀ ਆਪ ਲਿਖੀ ਜਾਂ ਇਸ ਵਿਚ ਕੁਝ ਲਿਖਾਰੀਆਂ ਦੀ ਸਹਾਇਤਾ ਵੀ ਲਈ ਜਿਨ੍ਹਾਂ ਦੀ ਵਡਿਆਈ ਕਰਦਿਆ ਸਤਿਗੁਰੂ ਨੇ ਫ਼ੁਰਮਾਇਆ (ਸੋਰਠਿ ਮਹਲਾ 1, ਅੰਗ 636):

'ਕਾਇਆ ਕਾਗਦੁ ਜੇ ਥੀਐ ਪਿਆਰੇ ਮਨੁ ਮਸਵਾਣੀ ਧਾਰਿ॥ ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ॥ ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ'॥

ਗੁਰੂ ਅਰਜਨ ਦੇਵ ਜੀ ਨੇ ਦਰਬਾਰ ਸਾਹਿਬ ਦੀ ਉਸਾਰੀ ਦਾ ਕਾਰਜ ਸਿਰੇ ਚੜ੍ਹਾ ਕੇ ਫ਼ਿਰ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਕਲਨ ਤੇ ਸੰਪਾਦਨ ਆਰੰਭ ਕੀਤਾ। ਭਾਈ ਗੁਰਦਾਸ ਜੀ ਦੀ ਵਾਰ-24/19 ਅਨੁਸਾਰ :

'ਪਿਉ ਦਾਦਾ ਪੜਦਾਦਿਉ, ਕੁਲ ਦੀਪਕ ਅਜਰਾਵਰ ਨਤਾ ਤਖਤ ਬਖਤ ਲੈ ਮੱਲਿਆ, ਸ਼ਬਦ ਸੁਰਤਿ ਵਾਪਾਰਿ ਸਪੱਤਾ ਗੁਰਬਾਣੀ ਭੰਡਾਰ ਭਰਿ, ਕੀਰਤਨ ਕਥਾ ਰਹੈ ਰੰਗਿ ਰਤਾ'।ਗੁਰਗੱਦੀ ਨਾ ਮਿਲਣ ਤੇ ਗੁਰੂ ਰਾਮਦਾਸ ਜੀ ਦਾ ਵੱਡਾ ਪੁੱਤਰ ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਵਿਰੋਧੀ ਬਣ ਗਿਆ। ਉਸਨੇ ਆਪਣੇ ਨਾਲ ਆਪਣਾ ਪੁੱਤਰ ਮੇਹਰਬਾਨ ਤੇ ਹੋਰ ਸੰਗਤ ਜੋੜ ਲਈ ਤੇ ਵੱਖਰਾ ਦਰਬਾਰ ਬਣਾ ਕੇ ਆਪਣਾ ਗ੍ਰੰਥ ਤਿਆਰ ਕਰਨ ਲਗੇ। ਬੰਸਾਵਲੀਨਾਮਾ ਵਿਚ ਦਰਜ ਹੈ:

'ਡੂਮ ਲਗੇ ਸਬਦ ਮੀਣਿਆਂ ਦੇ ਗਾਵਣ। ਦੂਜਾ ਦਰਬਾਰ ਗੁਰਿਆਈ ਦਾ ਲਗੇ ਲਾਵਣ। ਮੀਣਿਆਂ ਭੀ ਪੁਸਤਕ ਇਕ ਗ੍ਰੰਥ ਬਣਾਇਆ। ਬਚਨ ਕੀਤਾ ਭਾਈ ਗੁਰਦਾਸ ਗੁਰੂ ਕੀ ਬਾਣੀ ਜੁਦਾ ਕਰੀਏ। ਮੀਣੇ ਪਾਂਦੇ ਨੀ ਰਲਾ ਸੇ ਵਿਚ ਰਲਾ ਨਾ ਧਰੀਏ। ਸੋ ਸਾਹਿਬ ਬਾਣੀ ਉਚਾਰ ਅਗੇ ਹੀ ਕਰਤ ਸੇ ਭਏ। ਭਾਈ ਗੁਰਦਾਸ ਸਭ ਇਕੱਤਰ ਕਰ ਲਏ'।

ਪਰ ਆਦਿ ਬੀੜ ਦੀ ਰਚਨਾ ਦਾ ਇਹੋ ਕਾਰਨ ਨਹੀਂ ਸੀ।

ਆਦਿ ਗੁਰਬਾਣੀ ਦੀ ਰਚਨਾ ਨੂੰ ਸੰਭਾਲ ਕੇ ਪੋਥੀਆਂ ਅੱਗੇ ਤੋਂ ਅੱਗੇ ਉਤਰਾਧਿਕਾਰੀ ਗੁਰੂਆਂ ਨੂੰ ਸੋਪਣੀਆਂ ਇਕ ਪ੍ਰਮਾਣ ਹੈ ਕਿ ਨਵੇਂ ਉਸਾਰੇ ਜਾ ਰਹੇ ਸਿੱਖ ਧਰਮ ਲਈ ਇਹ ਗ੍ਰੰਥ ਤਿਆਰ ਕਰਨਾ ਜ਼ਰੂਰੀ ਸੀ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਸੰਕਲਨ ਤੇ ਸੰਪਾਦਨ ਲਈ ਇਕ ਨਿਵੇਕਲਾ ਸ਼ਾਤ ਵਾਤਾਵਰਨ ਵਾਲਾ ਸਥਾਨ ਸ੍ਰੀ ਰਾਮਸਰ ਚੁਣਿਆ। ਭਾਈ ਗੁਰਦਾਸ ਜੀ ਨੂੰ ਮੁੱਖ ਲਿਖਾਰੀ ਤੇ ਉਨ੍ਹਾਂ ਦੀ ਸਹਾਇਤਾ ਲਈ ਕੁਝ ਸਹਾਇਕ ਲਿਖਾਰੀ ਲਏ। ਭਾਈ ਗੁਰਦਾਸ ਨੂੰ ਸਾਰੀ ਇਕੱਤਰ ਗੁਰਬਾਣੀ ਗੁਰੂ ਵਿਅੱਕਤੀ ਅਨੁਸਾਰ ਨਿਖੇੜ ਕੇ ਲਿਖਣ ਦਾ ਹੁਕਮ ਦਿੱਤਾ। ਭਾਈ ਗੁਰਦਾਸ ਜੀ ਨੇ ਗੁਰੂ ਦੇ ਹੁਕਮ ਦੀ ਪਾਲਨ ਕਰਦਿਆਂ ਪਹਿਲਾਂ ਲਿੱਖਣ ਸਮੱਗਰੀ ਤਿਆਰ ਕੀਤੀ ਅਤੇ ਅੱਠ ਅੱਠ ਪਤਰਿਆਂ ਦੀਆਂ ਸੰਚੀਆਂ ਬਣਾਈਆਂ। ਸੰਤ ਦਾਸ ਤੇ ਹਰੀਆ ਸੁਖਾ ਮਨਸਾ ਰਾਮ ਲਿਖਦੇ ਜਾਣ ਸੋ ਚਾਰ ਲਿਖਾਰੀ ਜੋ ਸਾਹਿਬ ਕਰਨ ਬਖਾਨ।

'ਕਾਗਦ ਕੇ ਸੁਧਾਰ ਕਰਿ ਪਤਰੇ ਰਚਿਰ ਪ੍ਰਮਾਨ ਕੀਨਿ ਤਬਿ ਕਤਰੇ। ਪਾਇ ਨੀਰ ਸਯਾਹੀ ਕਰਿ ਤਯਾਰੀ ਗੁਰੂ ਸਿਮਰ ਲੇਖਣ ਕਰ ਦਾਰੀ'।

ਭਾਸ਼ਾ ਤੇ ਲਿਪੀ ਬਾਰੇ ਸਤਿਗੁਰਾਂ ਹੁਕਮ ਕੀਤਾ: 'ਲਿਖਹੁ ਗੁਰਮੁਖੀ ਅੱਖਰ ਯਾਤੇ॥ ਸਗਲ ਜਗਤ ਮਹਿ ਹੋਇ ਬਖ਼ਯਾਤੇ॥ ਸ਼ਰਧਾਵੰਤੇ ਪਠਹਿ ਸੁਖੈਨ॥ ਜਾਨਹਿ ਹਰਿ ਸਿਮਰਨ ਗਤਿ ਦੈਨ॥ (ਬੰਸਾਵਲੀਨਾਮਾ)।

ਆਦਿ ਬੀੜ ਦੀ ਤਿਆਰੀ ਕਰਦਿਆਂ ਗੁਰੂ ਅਰਜਨ ਦੇਵ ਜੀ ਅੰਮ੍ਰਿਤ ਵੇਲੇ ਤੋਂ ਦੁਪਹਿਰ ਤਕ ਸ੍ਰੀ ਰਾਮਸਰ ਰਹਿ ਕੇ ਨਿਰਦੇਸ਼ਨ ਕਰਦੇ ਸਨ। ਸੰਗਤ ਨੂੰ ਇਸ ਸਮੇ ਰਾਮਸਰ ਜਾਣ ਦੀ ਆਗਿਆ ਨਹੀ ਸੀ। ਬਾਬਾ ਬੁੱਢਾ ਜੀ ਨੂੰ ਦਰਬਾਰ ਸਾਹਿਬ ਵਿਚ ਆਈਆਂ ਸੰਗਤਾਂ ਦੀ ਦੇਖਭਾਲ ਕਰਨ ਦਾ ਹੁਕਮ ਸੀ। ਇਹ ਕਾਰਜ ਲਗਭਗ ਦੋ ਸਾਲਾਂ ਵਿਚ ਸਮਾਪਤ ਹੋਇਆ। ਬੀੜ ਵਿਚ ਅੰਕਿਤ ਹੈ :

"ਸੰਮਤ 1661 ਮਿਤੀ ਭਾਦਉ ਵਦੀ ਏਕਮ (15 ਅਗੱਸਤ ਸੰਨ 1604) ਪੋਥੀ ਲਿਖ ਪਹੁੰਚੇ"।

ਇਹ ਆਦਿ ਬੀੜ ਹੁਣ ਕਰਤਾਰਪੁਰੀ ਬੀੜ ਕਹੀ ਜਾਂਦੀ ਹੈ। ਇਸਦਾ ਸਾਈਜ਼-ਸਵਾ 13" x ਸਵਾ 9", ਹਾਸ਼ੀਆ ਸਵਾ 3" ਹੈ। ਆਰੰਭ ਵਿਚ ਤਤਕਰੇ ਦੇ ਪਤਰੇ 54 ਹਨ। ਕੁਲ ਪੱਤਰੇ 974 ਹਨ, 293 ਪੱਤਰੇ ਖਾਲੀ ਹਨ। ਰਾਗ 30, ਸ਼ਬਦ 5867, ਪੰਨਾ 541 ਤੇ ਛੇਵੇਂ ਪਾਤਸ਼ਾਹ ਦੇ ਦਸਖਤ ਹਨ। ਗੁਰ ਪ੍ਰਕਾਸ਼ ਸੂਰਜ ਅਨੁਸਾਰ ਬੀੜ ਦੀ ਜਿਲਦ ਬੰਨ੍ਹਵਾ ਕੇ ਗੁਰੂ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਹੁਕਮ ਦਿੱਤਾ : 'ਬੁੱਢਾ ਪੁਨ ਗੁਰਦਾਸ ਸੁ ਜਾਗੇ, ਸ੍ਰੀ ਗੁਰੂ ਚਰਨ ਪ੍ਰੇਮ ਮਹਿ ਪਾਗੇ। ਸੋਚ ਰਾਮਸਰ ਕੀਨਿ ਸਨਾਨਾ, ਬਦ੍ਰੀ ਤਰ ਬੈਠੇ ਕਰਿ ਧਯਾਨਾ। ਦਵੈ ਘਟਿਕਾ ਲਖਿ ਅੰਮ੍ਰਿਤ ਕਾਲਾ, ਸ੍ਰੀ ਅਰਜਨ ਬਚ ਕਰਯੋ ਰਸਾਲਾ'।

ਬਾਬਾ ਬੁੱਢਾ ਜੀ ਨੂੰ ਗ੍ਰੰਥ ਸਾਹਿਬ ਸਿਰ ਤੇ ਰੱਖ ਕੇ ਅੱਗੇ ਚੱਲਣ ਲਈ ਕਿਹਾ। ਗੁਰੂ ਅਰਜਨ ਦੇਵ ਜੀ ਆਪ ਚੌਰ ਫ਼ੜਕੇ ਬੀੜ ਉੱਤੇ ਝੁਲਾਂਦੇ ਹੋਏ ਨਾਲ ਚਲੇ। ਨਾਲ ਅਨੇਕਾਂ ਸੰਖਾਂ, ਵਾਜਿਆਂ, ਨਰਸਿੰਘਿਆਂ ਦੀ ਗੁੰਜਾਰ ਹੋ ਰਹੀ ਸੀ। ਬਾਲ ਸਾਹਿਬਜ਼ਾਦਾ ਹਰਿਗੋਬਿੰਦ ਜੀ ਵੀ ਨਾਲ ਨਾਲ ਚਲਦਿਆਂ ਸ਼ੁਭਾਇਮਾਨ ਸਨ। 'ਬੁੱਢਾ ਨਿਜ ਸਿਰ ਪਰ ਧਰਿ ਗ੍ਰੰਥ, ਆਗੇ ਚਲਹੁ ਸੁਧਾਸਰ ਪੰਥ। ਮਾਨਿ ਬਾਕ ਲੈ ਭਣੋ ਅਗਾਰੇ, ਚਮਰ ਗੁਰੂ ਅਰਜਨ ਕਰ ਧਾਰੇ। ਸੰਖ ਅਨਿਕ ਲਗੁ ਦੁੰਦਭਿ ਬਾਜੇ, ਜੈ ਜੈ ਕਾਰ ਊਚ ਸੁਰ ਗਾਜੇ। ਸੁੰਦਰ ਸ੍ਰੀ ਹਰਿਗੋਵਿੰਦ ਚੰਦ, ਸੰਗ ਚਲਤ ਹੁਇ ਸ਼ੋਭ ਬਿਲੰਦ'।

ਦਰਬਾਰ ਸਾਹਿਬ ਪਹੁੰਚ ਕੇ ਬੀੜ ਸਾਹਿਬ ਨੂੰ ਮੰਜੀ ਤੇ ਟਿਕਾਇਆ ਗਿਆ। ਆਸਾ ਦੀ ਵਾਰ ਦੇ ਭੋਗ ਮਗਰੋਂ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਹੁਕਮਨਾਮਾਂ ਲੈਣ ਲਈ ਕਿਹਾ। 'ਹਰਿਮੰਦਰ ਮਹਿ ਨੂੰ ਜਾਇ ਪਹੁੰਚੇ, ਰਾਗੀ ਰਾਗ ਕਰਤ ਸੁਰ ਊਚੇ। ਮੰਜੀ ਸਹਿਤ ਗ੍ਰਿੰਥ ਤਹਿ ਤਾਪਿ, ਬੈਠੇ ਨਿਕਟ ਗੁਰੂ ਤਬ ਆਪਿ। ਵਾਰ ਭੋਗ ਕੋ ਸੁਨਿ ਮਨ ਲਾਈ, ਸ੍ਰੀ ਅਰਜਨ ਪੁਨ ਗਿਰਾ ਅਲਾਈ। ਬੁਢਾ ਸਾਹਿਬ ਖੋਲਹੁ ਗ੍ਰੰਥ, ਲੇਹੁ ਆਵਾਜ਼ਾ ਸੁਨਹਿ ਸਭ ਪੰਥ। ਸੁਨਿ ਗੁਰਬਚਨ ਰੁਚਿਰ ਮਨਲਾਇਕ, ਸਤ ਬਾਕ ਮੁਖ ਜਲਜ ਅਲਾਇਕ। ਅਦਬ ਸੰਗ ਤਬਿ ਗ੍ਰੰਥ ਸੁ ਖੋਲਾ, ਲੇ ਅਵਾਜ਼ ਬੁੱਢਾ ਮੁਖ ਬੋਲਾ'। ਹੁਕਮਨਾਮਾ ਆਇਆ : ਸੂਹੀ ਮਹਲਾ 5॥ ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮ ਰਾਵਣਿ ਆਇਆ ਰਾਮ॥ ਅੰਗ 783॥

# ਧੰਨ ਗੁਰੂ ਰਾਮਦਾਸ ਜੀ

## ਗੁਰਭਜਨ ਗਿੱਲ, ਲੁਧਿਆਣਾ (ਭਾਰਤ)

ਰਾਮ ਦਾਸ ਗੁਰ ਮੋਹੜੀ ਗੱਡੀ, ਜਿਹੜੀ ਥਾਂ ਸਿਫ਼ਤੀ ਦਾ ਘਰ ਹੈ।
ਸਰਬ ਕਲਾ ਸੰਪੂਰਨ ਨਗਰੀ, ਗੁਰ ਕੇ ਕਾਰਨ ਅੰਮ੍ਰਿਤਸਰ ਹੈ।

ਧਰਮ ਕਰਮ ਲਈ ਹਰਿਮੰਦਰ ਹੈ, ਗੁਰ ਅਰਜਨ ਦੀ ਦੂਰ ਦ੍ਰਿਸ਼ਟੀ,
ਮੀਆਂਮੀਰ ਬਰਾਬਰ ਬੈਠਾ, ਸਰਬ ਕਾਲ ਦਾ ਦੀਦਾਵਰ ਹੈ।

ਹਰਗੋਬਿੰਦ ਗੁਰੂ ਦੀ ਪੀਰੀ, ਨਾਲ ਖੜ੍ਹੀ ਕਿਰਪਾਲੂ ਪੀਰੀ,
ਤਖ਼ਤ ਅਕਾਲ ਉਸਾਰਨਹਾਰਾ, ਨਿਰਭਓ ਤੇ ਨਿਰਵੈਰੀ ਦਰ ਹੈ।

ਇੱਕ ਮਾਰਗ ਦੇ ਪਾਂਧੀ ਖ਼ਾਤਰ, ਚਾਰੇ ਬੂਹੇ ਹਰ ਪਲ ਖੁੱਲ੍ਹੇ,
ਸੁਰਤਿ ਇਕਾਗਰ ਜੇਕਰ ਹੋਵੇ, ਸੱਖਣੀ ਝੋਲੀ ਦੇਂਦਾ ਭਰ ਹੈ।

ਬਿਪਰਨਵਾਦੀਆਂ ਭੇਸ ਬਦਲਿਆ, ਰਾਖੇ ਬਣ ਗਏ ਸਾਡੇ ਘਰ ਦੇ,
ਅਮਰਵੇਲ ਮੁੜ ਬੇਰੀ ਚੜ੍ਹ ਗਈ, ਚੱਟ ਨਾ ਜਾਵੇ ਏਹੀ ਡਰ ਹੈ।

ਸ਼ਬਦ ਗੁਰੂ ਸੰਦੇਸ਼ ਸੁਹਾਵਾ, ਸਾਡੀ ਰੂਹ ਤੇ ਪਰਚਮ ਝੂਲੇ,
ਘਰ ਘਰ ਉੱਸਰੇ ਧਰਮਸਾਲ ਦਾ, ਗੁਰ ਮੇਰੇ ਨੇ ਦਿੱਤਾ ਵਰ ਹੈ।



ਧਰਤਿ ਗਗਨ ਤੇ ਕੁੱਲ ਸ੍ਰਿਸ਼ਟੀ, ਪੱਤੇ ਪੱਤੇ ਗੋਬਿੰਦ ਬੈਠਾ,
ਆਦਿ ਜੁਗਾਦੀ ਜੋਤ ਨਿਰੰਤਰ, ਨੂਰ ਨੂਰਾਨੀ ਦਾ ਸਰਵਰ ਹੈ।

● ਗ਼ਜ਼ਲ ਸੰਗ੍ਰਹਿ "ਰਾਵੀ" ਵਿੱਚੋਂ
( ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ , ਲੁਧਿਆਣਾ )
( 0161 213413 )

ਆਓ ਪੰਜਾਬੀ ਪੜ੍ਹੀਏ

https://www.youtube.com/shorts/CV529h3lJ-M

## ਗੁਰੂ ਨਾਨਕ ਜੀ ਦੀ ਨਿਆਰਾ ਇਨਕਲਾਬ - ਭਾਗ 4
## ਗ੍ਰਹਿਸਥ ਜੀਵਨ ਦੀ ਪ੍ਰਮੁਖਤਾ ਅਤੇ ਇਸਤਰੀ-ਪੁਰਸ਼ ਦੀ ਬਰਾਬਰੀ

ਡਾ. ਕਾਬਲ ਸਿੰਘ, ਡਾ, ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

(ਇਸ ਲੇਖ-ਲੜੀ ਦੇ ਭਾਗ 1-3 ਪਿਛਲੇ ਅੰਕਾਂ ਵਿੱਚ ਪੜ੍ਹੋ ਜੀ)

**ਗ੍ਰਹਿਸਥ ਜੀਵਨ ਦੀ ਸ੍ਰਵਉਚਤਾ ਦਾ ਇਨਕਲਾਬੀ ਨਾਹਰਾ:** ਪੁਰਾਤਨ ਹਿੰਦੂ ਸਮਾਜ ਵਿਚ ਗ੍ਰਹਿਸਥ ਆਸ਼ਰਮ ਨੂੰ ਬਾਕੀ ਆਸ਼ਰਮਾਂ (ਜਿਵੇਂ ਯੋਗੀ, ਬ੍ਰਹਮਚਾਰੀ, ਸੰਨਿਆਸੀ) ਨਾਲੋਂ ਨੀਵਾਂ ਗਿਣਿਆਂ ਜਾਂਦਾ ਸੀ। ਪ੍ਰਮਾਤਮਾਂ ਦੀ ਪ੍ਰਾਪਤੀ ਲਈ ਗ੍ਰਹਿਸਥ ਛੱਡਣਾ ਜ਼ਰੂਰੀ ਸਮਝਿਆ ਜਾਂਦਾ ਸੀ। ਈਸਾਈ ਮਤ ਵਿਚ ਵੀ ਪਾਦਰੀ **(Priests)** ਤੇ ਨਨਜ਼ **(Nuns)** ਆਮ ਕਰਕੇ ਵਿਆਹੇ ਨਹੀਂ ਹੁੰਦੇ। ਗੁਰੂ ਜੀ ਨੇ ਆਪ ਗ੍ਰਹਿਸਥ ਜੀਵਨ ਅਪਣਾਇਆ ਅਤੇ ਇਸ ਨੂੰ ਸਾਰੇ ਆਸ਼ਰਮਾਂ ਵਿਚੋਂ ਸ਼੍ਰੋਮਣੀ ਫੁਰਮਾਇਆ:

***ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥*** (ਅੰਗ 418)
***ਵਿਚੇ ਗ੍ਰਿਹ ਗੁਰ ਬਚਨਿ ਉਦਾਸੀ ਹਉਮੈ ਮੋਹੁ ਜਲਾਇਆ॥*** (ਅੰਗ 513)
***ਵਿਚੇ ਗ੍ਰਿਹ ਸਦਾ ਰਹੇ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥*** (ਅੰਗ 1070)
***ਗਿਰਹ ਕੁਟੰਬ ਮਹਿ ਸਹਜਿ ਸਮਾਧੀ॥*** (ਅੰਗ 1246)

- ਗ੍ਰਹਿਸਥ ਤੋਂ ਭੱਜਣ ਵਾਲਿਆਂ ਨੂੰ ਇਹ ਉਪਦੇਸ਼ ਦਿੱਤਾ:

***ਤਜੈ ਗਿਰਸਤੁ ਭਇਆ ਬਨ ਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ॥ (ਅੰਗ 835)***
***ਹਾਥ ਕਮੰਡਲ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥*** (ਅੰਗ 1013)
**ਘਰ ਕੀ ਨਾਰ ਤਿਆਗੇ ਅੰਧਾ॥ਪਰ ਨਾਰੀ ਸਿਉ ਘਾਲੇ ਧੰਦਾ॥ (ਅੰਗ 1164)**



- ਸਫਲ ਗ੍ਰਹਿਸਥੀ ਦੇ ਲੱਛਣ ਫੁਰਮਾਏ:

***ਗ੍ਰਿਹ ਕੁਟੰਬ ਮਹਿ ਸਦਾ ਉਦਾਸ॥*** (ਅੰਗ 232)
***ਸੋ ਗਿਰਹੀ ਜੋ ਨਿਗ੍ਰਹੁ ਕਰੈ॥ਜਪੁ ਤਪੁ ਸੰਜਮੁ ਭੀਖਿਆ ਕਰੈ॥*** (ਅੰਗ 952)

- ਗ੍ਰਹਿਸਥ ਦੇ ਬਾਹਰ ਸਰੀਰਕ ਸਬੰਧਾਂ ਦੀ ਮਨਾਹੀ:

***ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ॥*** (ਅੰਗ 269)
***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥*** (ਅੰਗ 274)
***ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ॥***(ਅੰਗ 298)
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥***
***ਅਜਰਾਈਲ ਫਰੇਸਤਾ ਤਿਲ ਪੀੜੇ ਘਾਣੀ॥*** (315)
***ਜੈਸਾ ਸੰਗ ਬਿਸਿਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ॥*** (ਅੰਗ 403)
***ਪਰ ਤ੍ਰਿਅ ਰਾਵਣਿ ਜਾਹਿ ਸੇਤੀ ਤਾ ਲਾਜੀਅਹ॥*** (ਅੰਗ 1362)

- ਗ੍ਰਹਿਸਥ ਵਿੱਚ ਰਹਿੰਦਿਆਂ ਸਤਿਸੰਗਤ ਕਰਕੇ, ਰੱਬੀ ਗੁਣ ਅਪਣਾ ਕੇ ਜ਼ਿੰਦਗੀ ਦੀਆਂ ਸਿਖਰਾਂ ਛੂਹਣ (ਜੀਵਨ-ਮੁਕਤੀ) ਦਾ ਉਪਦੇਸ਼ ਦਿੱਤਾ:

***ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ***
***ਵਿਚੇ ਹੋਵੈ ਮੁਕਤਿ॥*** (ਅੰਗ 522)

**ਇਸਤਰੀ-ਪੁਰਸ਼ ਦੀ ਬਰਾਬਰੀ ਦਾ ਇਨਕਲਾਬੀ ਨਾਹਰਾ:** ਲੰਮੇਂ ਸਮੇਂ ਤੋਂ ਪੁਰਸ਼-ਪ੍ਰਧਾਨ ਸਮਾਜ ਅਤੇ ਧਾਰਮਿਕ ਸੰਸਥਾਵਾਂ ਵਲੋਂ ਇਸਤਰੀ ਨੂੰ ਦਬਾ ਕੇ ਰੱਖਣ ਦੇ ਵਤੀਰੇ, ਸਮਾਜਕ ਗਿਰਾਵਟ, ਧਾਰਮਿਕ ਨਿਘਾਰ ਅਤੇ ਗੁਲਾਮ ਸੋਚਣੀ ਕਾਰਨ ਇਸਤਰੀ ਦੀ ਹਾਲਤ ਤਰਸ ਯੋਗ ਰਹੀ ਹੈ। ਭਾਰਤੀ ਸਮਾਜ ਤੇ ਹੋਰ ਧਰਮਾਂ ਵਿੱਚ ਇਸ ਜ਼ਾਲਮਾਨਾ ਰਵਾਇਤ ਦੀਆਂ ਕੁਝ ਉਦਾਹਰਣਾਂ:

- ਹਿੰਦੂ ਧਰਮ ਦੇ ਗ੍ਰੰਥ *ਮਨੂੰ ਸਿਮ੍ਰਤੀ* ਵਿੱਚ ਇਸਤਰੀ ਨੂੰ ਸ਼ੂਦਰ, ਯਾਨਿ ਸਮਾਜ ਦੀ ਕਥਿਤ ਸਭ ਤੋਂ ਨੀਵੀਂ ਸ਼੍ਰੇਣੀ, ਦੇ ਬਰਾਬਰ ਮੰਨਿਆ ਗਿਆ ਅਤੇ ਕੁਲੱਛਨੀ ਤੇ ਕੁਲਟਾ ਆਦਿ ਨਾਮ ਦਿੱਤੇ ਗਏ।
- ਬੁੱਧ ਤੇ ਜੈਨ ਧਰਮਾਂ ਵਿਚ ਭਿਕਸ਼ੂਆਂ ਤੇ ਮੁਨੀਆਂ ਲਈ ਇਸਤਰੀ ਦਾ ਤਿਆਗ ਜ਼ਰੂਰੀ ਹੈ। ਦਿਗੰਬਰ ਜੈਨ ਮੰਨਦੇ ਹਨ ਕਿ ਇਸਤਰੀ ਨੂੰ ਮੋਕਸ਼ ਪ੍ਰਾਪਤੀ ਲਈ ਪੁਰਸ਼ ਦਾ ਜਨਮ ਧਾਰਨਾ ਪੈਂਦਾ ਹੈ।
- ਨਾਥ ਅਤੇ ਜੋਗੀ ਸਿਧਾਂਤ ਪੁਰਸ਼ ਨੂੰ ਇਸਤਰੀ ਤੋਂ ਦੂਰ ਰਹਿਣ ਦੀ ਪ੍ਰੇਰਨਾਂ ਦਿੰਦੇ ਹਨ।
- ਸਨਾਤਨ ਵਿਚਾਰਵਾਨ ਗੋਸਵਾਮੀ ਤੁਲਸੀ ਦਾਸ ਦਾ ਕਥਨ ਹੈ, *'ਢੋਰ ਗਵਾਰ ਸ਼ੂਦਰ ਪਸ਼ੂ ਔਰ ਨਾਰੀ। ਯਹ ਸਭ ਤਾੜਨ ਕੇ ਅਧਿਕਾਰੀ'*। ਯਾਨਿ ਤੁਲਸੀ ਨੇ ਔਰਤ ਦੀ ਤੁਲਨਾ ਪਸ਼ੂ ਨਾਲ ਕੀਤੀ। ਹਾਲਾਂ ਕਿ ਇਸਤਰੀ-ਪ੍ਰਧਾਨ ਦਰਾਵੜ ਸਮਾਜ ਵਿਚ ਇਸਤਰੀ ਦਾ ਸਨਮਾਨ ਹੁੰਦਾ ਰਿਹਾ ਹੈ।

- ਇਸਲਾਮ ਵਿੱਚ ਸਿਰਫ਼ ਪੁਰਸ਼ਾਂ ਲਈ ਬਹੁ-ਵਿਆਹ (**polygamy**) ਦੀ ਆਗਿਆ ਅਤੇ ਇਸਤਰੀ ਦਾ ਘਰ ਤੋਂ ਬਾਹਰ ਪਰਦਾਨਸ਼ੀਂ ਹੋ ਕੇ ਰਹਿਣ ਦੀ ਮਾਨਤਾ ਹੈ। ਮਸਜਿਦ ਵਿੱਚ ਵੀ ਇਸਤਰੀਆਂ ਵੱਖਰੇ ਕਮਰੇ ਵਿੱਚ ਜਾਂ ਪਰਦੇ ਪਿੱਛੇ ਬੈਠਦੀਆਂ ਹਨ। ਫ਼ਾਰਸੀ ਵਿਚ ਔਰਤ ਸ਼ਬਦ ਦੇ ਅਰਥ, '*ਉਹ ਚੀਜ਼ ਜੋ ਛੁਪਾਉਣ ਲਾਇਕ ਹੋਵੇ*' ਕੀਤੇ ਜਾਂਦੇ ਰਹੇ ਹਨ।
- ਯਹੂਦੀ ਅਰਦਾਸ ਰਹੀ ਹੈ, '*ਹੇ ਪ੍ਰਮਾਤਮਾ! ਸਾਡੇ ਤੇ ਕ੍ਰਿਪਾ ਕਰੋ। ਤੁਸੀਂ ਬ੍ਰਹਿਮੰਡ ਦੇ ਬਾਦਸ਼ਾਹ ਹੋ। ਸਾਨੂੰ ਅਗਲੇ ਜਨਮ ਵਿਚ ਔਰਤ ਨਾ ਬਨਾਉਣਾ।*'
- ਇਸਾਈ ਮੱਤ ਦੀ 'ਆਦਮ ਤੇ ਹਵਾ ਦੀ ਕਥਾ' ਅਨੁਸਾਰ ਰੱਬ ਨੇ ਆਦਮੀ ਦੀ ਪਸਲੀ ਕੱਢ ਕੇ ਇਸਤਰੀ ਬਣਾਈ। ਵਰਜਿਤ ਫ਼ਲ ਖਾਣ ਦੀ ਸਜ਼ਾ ਵਜੋਂ ਨਾਰੀ ਨੂੰ ਰੱਬ ਤੋਂ ਸਰਾਪ ਮਿਲਿਆ, '*ਮੈਂ ਤੇਰੇ ਗਰਭ ਦੀ ਪੀੜ ਬਹੁਤ ਵਧਾਵਾਂਗਾ। ਪੀੜ ਨਾਲ ਤੂੰ ਬੱਚੇ ਜਣੇਂਗੀ, ਤੇਰੇ ਪਤੀ ਵੱਲ ਤੇਰੀ ਚਾਹ ਹੋਵੇਗੀ ਅਤੇ ਉਹ ਤੇਰੇ ਉਤੇ ਹੁਕਮ ਚਲਾਵੇਗਾ।*'

ਗੁਰੂ ਨਾਨਕ ਜੀ ਨੇ ਇਸਤਰੀ ਨੂੰ ਪੁਰਸ਼ ਨਾਲੋਂ ਨੀਵੀਂ ਮੰਨੇ ਜਾਣ ਦਾ ਪੁਰਜ਼ੋਰ ਵਿਰੋਧ ਕੀਤਾ, ਜਿਵੇਂ ਕਿ:

- ਜਨੇਊ ਦੀ ਰਸਮ ਵੇਲੇ ਬਾਲਕ ਨਾਨਕ ਨੇ ਜਨੇਊ ਪਾਉਣ ਤੋਂ ਨਾਂਹ ਕਰ ਦਿੱਤੀ ਤੇ ਪੁੱਛਿਆ ਕਿ ਉਨ੍ਹਾਂ ਦੀ ਭੈਣ ਨਾਨਕੀ ਜੀ ਦੇ ਜਨੇਊ ਕਿਉਂ ਨਹੀ ਪਾਇਆ ਗਿਆ, ਅਤੇ ਜਨੇਊ ਤੋਂ ਬਿਨਾਂ ਇੱਕ ਇਸਤਰੀ ਧਰਮ ਨੂੰ ਕਿਵੇਂ ਧਾਰਨ ਕਰੇ।

- ਹਰਿਦੁਆਰ ਵਿੱਚ ਵੱਡੇ ਸਮੂਹ ਸਾਹਮਣੇ ਸਤੀ ਪ੍ਰਥਾ ਦੀ ਵਿਰੋਧਤਾ ਕੀਤੀ। ਫੁਰਮਾਇਆ:

***ਸਤੀਆਂ ਏਹਿ ਨ ਆਂਖੀਅਨ ਜੋ ਮੜਿਆ ਲਗਿ ਜਲੰਨਿ॥ ਨਾਨਕ ਸਤੀਆ ਜਾਣਿਅਨਿ ਜਿ ਬਿਰਹੇ ਚੋਟ ਮਰੰਨ੍ਹਿ॥ ਭੀ ਸੋ ਸਤੀਆ ਜਾਣਿਅਨਿ ਸੀਲ ਸੰਤੋਖਿ ਰਹੰਨ੍ਹਿ॥ ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥*** (ਅੰਗ 787)

- ਕੰਨਿਆਂ ਮਾਰਨਾਂ ਮਹਾਂ ਪਾਪ ਦੱਸਿਆ:

***ਬ੍ਰਾਹਮਣ ਕੈਲੀ ਘਾਤੁ ਕੰਞਕਾਂ ਅਣਚਾਰੀ ਕਾ ਧਾਨੁ॥ ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥*** (ਅੰਗ 1413)

- ਇਸਤਰੀ ਨੂੰ ਘਰ ਵਿਚ ਸੁੱਖ ਸ਼ਾਂਤੀ, ਖੁਸ਼ਹਾਲੀ ਤੇ ਖੇੜਾ ਪ੍ਰਦਾਨ ਕਰਨ ਵਾਲੀ, ਅਤੇ ਗੁਰੂਆਂ, ਪੀਰਾਂ, ਰਾਜਿਆਂ, ਯੋਧਿਆਂ, ਵਿਗਿਆਨੀਆਂ, ਵਿਦਵਾਨਾਂ ਨੂੰ ਜਨਮ ਦੇਣ ਵਾਲੀ ਕਹਿ ਕੇ ਸਨਮਾਨ ਦਿਤਾ:

***ਸਭ ਪਰਵਾਰੈ ਮਾਹਿ ਸਰੇਸਟ॥ ਮਤੀ ਦੇਵੀ ਦੇਵਰ ਜੇਸਟ॥***
***ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥***
***ਜਨ ਨਾਨਕ ਸੁਖੇ ਸੁਖਿ ਵਿਹਾਇ॥*** (ਅੰਗ 371)
***ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥***
***ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥***
***ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥***
***ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥*** (ਅੰਗ 473)

- ਪਤੀ-ਪਤਨੀ ਦੀ ਇੱਕ-ਮੂਰਤਾ ਬਾਰੇ ਕਿਹਾ:

***ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥ ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥*** (ਅੰਗ 788)

- ਸਮਝਾਇਆ ਕਿ ਸਭ ਜੀਵ-ਆਤਮਾਵਾਂ (ਇਸਤਰੀ ਤੇ ਪੁਰਸ਼) ਦਾ ਪਤੀ-ਮਾਲਕ ਇੱਕੋ ਪ੍ਰਮਾਤਮਾ ਹੈ:

***ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥*** (ਅੰਗ 591)
***ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥*** (ਅੰਗ 879)

ਇਸ ਤਰ੍ਹਾਂ, ਗੁਰੂ ਜੀ ਨੇ ਬੜੀ ਦਲੇਰੀ ਨਾਲ ਸਦੀਆਂ ਤੋਂ ਚੱਲ ਰਹੀਆਂ ਗੈਰ-ਮਨੁੱਖੀ ਰਵਾਇਤਾਂ ਦੇ ਉਲਟ ਗ੍ਰਿਹਸਥ ਜੀਵਨ ਦੀ ਸ੍ਰਵਉੱਚਤਾ ਅਤੇ ਇਸਤਰੀ-ਪੁਰਸ਼ ਦੀ ਬਰਾਬਰੀ ਦੇ ਇਨਕਲਾਬੀ ਸੰਦੇਸ਼ ਦਿੱਤੇ। ਇਸਤਰੀ ਨਾਲ ਸਮਾਜਕ ਤੇ ਧਾਰਮਿਕ ਅਧਾਰ ਤੇ ਕੀਤੀਆਂ ਜਾ ਰਹੀਆਂ ਵਧੀਕੀਆਂ ਤੇ ਜ਼ੁਲਮਾਂ ਦਾ ਉਨ੍ਹਾਂ ਪੁਰਜ਼ੋਰ ਵਿਰੋਧ ਕੀਤਾ, ਅਤੇ ਇਸਤਰੀ ਦੀ ਦਸ਼ਾ ਸੁਧਾਰਨ ਲਈ ਭਰਪੂਰ ਯਤਨ ਕੀਤੇ। ਹਰ ਹਾਲਤ ਵਿੱਚ ਔਰਤ ਦੀ ਮਾਨ-ਮਰਿਆਦਾ ਦਾ ਖਿਆਲ ਰੱਖਣਾ ਗੁਰੂ ਜੀ ਦੇ ਅਨੁਯਾਈਆਂ (ਸਿੱਖਾਂ) ਦੇ ਚਰਿਤਰ ਦਾ ਜ਼ਰੂਰੀ ਅੰਗ ਬਣ ਗਿਆ।

**(ਭਾਗ 5 ਅਤੇ 6 ਅਗਲੇ ਅੰਕਾਂ ਵਿਚ ਪੜ੍ਹੋ ਜੀ)**

# ਡੁਬਦੇ ਅੱਖਰ

ਰਾਤੀਂ ਮੈਨੂੰ ਇੱਕ ਸੁਫਨਾ ਆਇਆ
ਕਿਸੇ ਨੇ ਹੋਕਾ ਮਾਰ ਬੁਲਾਇਆ
ਡੁਬਦੇ ਅੱਖਰ ਪੈਂਤੀ ਵੇਖੇ
ਜਿਨ੍ਹਾਂ ਨੇ ਆਪਣਾ ਦਰਦ ਸੁਣਾਇਆ
ਕਿਉਂ ਭੁੱਲ ਗਏ ਨੇ ਮੈਨੂੰ ਮੇਰੇ ਵਾਰਸ
ਕੀ ਮੈਂ ਅਜਿਹਾ ਜ਼ੁਲਮ ਕਮਾਇਆ
ਉਹ ਵੀ ਰੋਵੇ, ਮੈਂ ਵੀ ਰੋਵਾਂ
ਹੰਝੂਆਂ ਨੇ ਸੈਲਾਬ ਵਹਾਇਆ
ਫੜ ਕੇ ਫਿਰ ਗੁਰਮੁਖੀ ਦਾ ਪੱਲਾ
ਪੈਂਤੀ ਅੱਖਰਾਂ ਨੂੰ ਗਲ਼ ਨਾਲ਼ ਲਾਇਆ
ਮਾਂ-ਬੋਲੀ ਨੇ ਵਿੱਚ ਬਿਠਾ ਕੇ ਗੋਦੀ
ਅੱਖਰਕਾਰੀ ਦਾ ਹੁਨਰ ਸਿਖਾਇਆ
ਅੱਖਰ ਨੱਚਣ, ਗਾਉਣ ਲੱਗ ਪਏ
ਮੋਤੀਆਂ ਵਾਂਗ ਜਦ ਖ਼ੂਬ ਸਜਾਇਆ
ਛੱਡੀਂ ਨਾ ਕਦੇ ਸਾਥ ਇਹ ਮੇਰਾ
ਜੇ ਤੂੰ ਪੰਜਾਬੀ ਤੇ ਪੰਜਾਬ ਦਾ ਜਾਇਆ
ਮਰਦੇ ਦਮ ਤੱਕ ਰਹਾਂਗਾ ਤੇਰਾ ਸਪੂਤ ਪੰਜਾਬੀ
ਸਾਂਭ ਕੇ ਰੱਖਾਂਗਾ ਤੇਰਾ ਇਹ ਸਰਮਾਇਆ।

ਹਰਪ੍ਰੀਤ ਅੱਖਰਕਾਰੀ

## ਲਾਵਾਂ ਦੇ ਪਾਠ ਦੇ ਅਰਥ (ਭਾਗ – 3) ॥ ਸੂਹੀ ਮਹਲਾ ੪॥

ਚਮਕੌਰ ਸਿੰਘ, ਸੈਨ ਡੀਏਗੋ, ਕੈਲੀਫੋਰਨੀਆ (ਅਮਰੀਕਾ)



ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥

ਅਰਥ – ਹੇ ਪ੍ਰਭੂ! ਮੈਂ ਤੇਰੇ ਤੋਂ ਕੁਰਬਾਨ ਹਾਂ। ਹਰੀ ਦੇ ਮਿਲਾਪ ਦੇ ਇਸ ਤੀਜੇ ਕਦਮ ਨਾਲ ਮੇਰੇ ਬੈਰਾਗੀ ਮਨ ਵਿੱਚ ਚਾਉ ਪੈਦਾ ਹੋਇਆ ਹੈ।

I salute you. With this third step, love for you has welled up in my mind.

ਵਿਆਕਰਣਿਕ ਰੂਪ- ਤੀਜੜੀ-ਤੀਜੀ (ਕਰਮ ਵਾਚਕ ਸੰਖਿਅਕ ਵਿਸ਼ੇਸ਼ਣ), ਚਾਉ-ਚਾਅ (ਕਰਤਾ ਕਾਰਕ, ਭਾਵ ਵਾਚਕ ਨਾਂਵ) ਭਇਆ-ਪੈਦਾ ਹੋਇਆ (ਭੂਤ ਕ੍ਰਿਦੰਤ, ਪਰ ਅਨਿਸ਼ਚਿਤ ਪੂਰਨ ਵਰਤਮਾਨ), ਬੈਰਾਗੀਆ-ਬੈਰਾਗੀ (ਸੰਬੰਧਕਾਰਕ, ਇਕਵਚਨ, ਨਾਸਕੀ ਨਹੀਂ ਹੈ)। ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥

ਅਰਥ – ਜਦੋਂ ਮੇਰੇ ਬੈਰਾਗੀ ਮਨ ਵਿਚ ਚਾਉ ਉਪਇਆ ਤਾਂ ਵੱਡੇ ਭਾਗਾਂ ਵਾਲੇ ਗੁਣੀਆ ਦੇ ਮਿਲਾਪ ਤੋਂ ਗੁਣ ਅਪਣਾ ਕੇ ਮੈਂ ਪ੍ਰਭੂ ਨੂੰ ਪਾ ਲਇਆ, ਕਰਮ ਕਾਂਡਾਂ ਦੀ ਲੋੜ ਨਹੀਂ ਪਈ।

When love welled up, accompanying the virtuous and adopting their virtues, have achieved union with the Lord.

ਵਿਆਕਰਣਿਕ ਰੂਪ- ਸੰਤ ਜਨਾ-ਸਾਧ ਸੰਗਤ (ਸੰਬੰਧ ਕਾਰਕ, ਬਹੁ-ਵਚਨ), ਮੇਲੁ-ਮਿਲਾਪ (ਕਰਮ ਕਾਰਕ, ਇਕਵਚਨ), ਡਭਾਗੀਆ-ਵੱਡੇ ਭਾਗਾਂ ਵਾਲਿਆਂ ਦੀ (ਸੰਬੰਧ ਕਾਰਕ)।

ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥

ਅਰਥ – ਜਦੋਂ ਮਨ ਵਿਚ ਚਾਉ ਪੈਦਾ ਹੋਇਆ ਤਾਂ ਗੁਰੂ ਦੀ ਸਿੱਖਿਆ ਨੂੰ ਆਪਣੇ ਮੁਖ ਵਿੱਚੋਂ ਬੋਲਿਆ ਅਤੇ ਹਰੀ ਦਾ ਜਸ ਕੀਤਾ ਹੈ ਤਾਂ ਪਵਿੱਤਰ ਪ੍ਰਭੂ ਨੂੰ ਪ੍ਰਾਪਤ ਕਰ ਲਇਆ ਹੈ।

By uttering the Guru’s teachings and praises, I obtained the sacred Lord.

ਵਿਆਕਰਣਿਕ ਰੂਪ- ਗੁਣ-ਗੁਣਾਂ ਨੂੰ (ਕਰਮ ਕਾਰਕ), ਮੁਖਿ-ਮੂੰਹ ਵਿੱਚੋਂ (ਅਧਿਕਰਨ ਕਾਰਕ) ਬੋਲੀ-ਉਚਾਰੀ, (ਭੂਤ, ਪਰ ਵਰਤਿਆ ਹੈ ਅਨਿਸ਼ਚਿਤ ਪੂਰਨ ਵਰਤਮਾਨ ਕ੍ਰਿਦੰਤ)।

ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥

ਅਰਥ – ਪ੍ਰਭੂ ਦੀ ਬੇਸ਼ੁਮਾਰ ਸ਼ਕਤੀ ਦੀ ਕਹਾਣੀ ਦਾ ਜਸ ਕਰਿਆ ਜਾਵੇ ਤਾਂ ਵੱਡਭਾਗੀਆਂ ਦੀ ਸੰਗਤ ਵਿਚੋਂ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ।

When the story of unlimited powers of Lord is praised, one can obtain Him by accompanying the virtuous people.

ਵਿਆਕਰਣਿਕ ਰੂਪ- ਕਥੀਐ-ਕਹਿਆ ਜਾਵੇ (ਸੰਭਾਵ ਭਵਿਖਤ ਕਾਲ ਦੀ ਕਰਮਨੀ ਵਾਚ ਕਿਰਿਆ ਹੈ), ਅਕਥ-ਨਾ ਕਹੀ ਜਾਣ ਵਾਲੀ ਬੇਸ਼ੁਮਾਰ ਸ਼ਕਤੀ (ਵਿਸ਼ੇਸ਼ਣ) ਕਹਾਣੀ-ਗਲਬਾਤ (ਭਾਵ ਅਰਥ, ਕਰਮ ਕਾਰਕ, ਇਸਤਰੀ ਲਿੰਗ)।

ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥

ਅਰਥ - ਅਕਥ ਕਹਾਣੀ ਦਾ ਜਸ ਕਰੀਏ ਤਾਂ ਹਰੀ ਧੁਨ ਪੈਦਾ ਹੋ ਕੇ ਮੱਥੇ ਦਾ ਭਾਗ ਬਣਦਾ ਹੈ।

If His unlimited powers be praised, tune of the musical sound of Lord is produced, destiny is inscribed.

ਵਿਆਕਰਣਿਕ ਰੂਪ- ਹਿਰਦੈ-ਹਿਰਦੇ ਵਿੱਚ (ਅਧਿਕਰਨ ਕਾਰਕ), ਧੁਨਿ-ਆਵਾਜ (ਕਰਤਾ ਕਾਰਕ, ਇਸਤਰੀ ਲਿੰਗ), ਉਪਜੀ-(ਵਰਤਮਾਨ ਕਾਲ ਇਕਵਚਨ ਕਿਰਿਆ), ਜਪੀਐ-ਜਪਿਆ ਜਾਵੇ (ਸੰਭਾਵ ਭਵਿਖਤ ਕਾਲ ਦੀ ਕਰਮਣੀ ਵਾਚ ਕਿਰਿਆ), ਮਸਤਕਿ-((ਅਧਿਕਰਨ ਕਾਰਕ), ਭਾਗੁ- (ਕਰਤਾ ਕਾਰਕ)।

ਜਪੀਐ ਦਾ ਮਸਤਕਿ ਭਾਗੁ ਨਾਲ ਕੋਈ ਸੰਬੰਧ ਨਹੀਂ। ਇਹ ਨਹੀ ਕਿ ਮੱਥੇ ਦੇ ਭਾਗ ਨਾਲ ਜਪੀਦਾ ਹੈ ਜਾਂ ਮੱਥੇ ਭਾਗ ਵਾਲੇ ਹੀ ਜਪਦੇ ਹਨ। ਗੱਗੇ ਨੂੰ ਔਂਕੜ ਲੱਗਣ ਕਰਕੇ ਭਾਗੁ ਜਾਂ ਤਾਂ ਕਰਮ ਕਾਰਕ ਜਾਂ ਕਰਤਾ ਕਾਰਕ ਹੀ ਹੋ ਸਕਦਾ ਹੈ। ਮਸਤਕਿ ਵਿੱਚ ਕੱਕੇ ਨੂੰ ਸਿਹਾਰੀ ਹੋਣ ਕਰਕੇ ਇਹ ਸੰਬੰਧ ਕਾਰਕ ਨਹੀਂ ਹੈ। ਇਸ ਨੂੰ ਕਦੇ ਵੀ ਮੱਥੇ ਦਾ ਭਾਗ ਨਹੀਂ ਕਹਿਣਾ ਸਗੋ ਮੱਥੇ ਉਤੇ ਭਾਗ ਬਣ ਜਾਂਦਾ ਹੈ। ਇਹ ਜਪਿਐ ਤਾਂ ਮੱਥੇ ਉਤੇ ਭਾਗ ਬਣ ਜਾਂਦਾ ਹੈ। ਸੋ ਇਸ ਵਿਚਾਰ ਤੋਂ ਸਾਫ ਹੈ ਕਿ ਭਾਗ ਕੋਈ ਮੁਢ ਕਦੀਮੀ ਨਹੀਂ ਹੁੰਦੇ ਸਗੋਂ ਆਪਣੇ ਜੀਵਨ ਦੇ ਕੰਮਾਂ ਨਾਲ ਹੀ ਬਣਦੇ ਹਨ॥

ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥

ਅਰਥ - ਦਾਸ ਨਾਨਕ ਅਨੁਸਾਰ ਇਹ ਕਹਿ ਲਈਏ ਕਿ ਇਸ ਤਰ੍ਹਾਂ ਤੀਜੇ ਕਦਮ ਨਾਲ ਜਾਂ ਫੇਰੀ ਨਾਲ ਹਰੀ ਦੇ ਮਿਲਾਪ ਲਈ ਮਨ ਵਿੱਚ ਤਾਂਘ ਪੈਦਾ ਹੋ ਜਾਂਦੀ ਹੈ।

ਏਥੇ ਬੋਲੇ ਅਤੇ ਬੋਲੈ ਵਿਚ, ਉਚਾਰਨ ਅਤੇ ਵਿਆਕਰਨਿਕ ਫਰਕ ਹੈ ਅਤੇ ਦੋਵਾਂ ਦੇ ਅਰਥ ਬਦਲ ਜਾਂਦੇ ਹਨ। ਬੋਲੇ- ਜੇ ਬੋਲਿਆ ਜਾਵੇ ਜਾਂ ਜੇ ਬੋਲ ਲਈਏ, ਸੰਭਾਵ ਭਵਿਖਤ ਕਾਲ ਇਕ ਵਚਨ ਦੀ ਕਿਰਿਆ ਹੈ ਜਿਸ ਦਾ ਬੋਧ ਸ਼ਰਤੀਆ ਹੈ। ਪਰ ਬੋਲੈ- ਬੋਲਦਾ ਹੈ, ਵਰਤਮਾਨ ਕਾਲ, ਇਕਵਚਨ ਦੀ ਕਿਰਿਆ ਹੈ।

ਤੀਜੇ ਪਹਿਰੇ ਦਾ ਭਾਵ ਅਰਥ-

ਤੀਜੇ ਕਦਮ ਵਿਚ ਮਿਲਨ ਦਾ ਚਾਉ ਪੈਦਾ ਹੋ ਜਾਵੇ, ਪ੍ਰਭੂ ਦੇ ਗੁਣਾਂ ਵਾਲਿਆਂ ਦੇ ਚੰਗੇ ਗੁਣ ਅਪਣਾਏ ਜਾਣ, ਉਸ ਦੀ ਅਥਾਹ ਸ਼ਕਤੀ ਨਾਲ ਜੀਵਾਂ ਲਈ ਉਸ ਦੇ ਕੰਮਾਂ ਦਾ ਜਸ ਗਾਇਆ ਜਾਵੇ। ਜੇ ਇਹ ਜੀਵਨ ਦੇ ਸੰਸਕਾਰ ਬਣਨ ਤਾਂ ਹੀ ਮਨ ਵਿੱਚ ਪ੍ਰਭੂ ਦੀ ਕੁਦਰਤ ਦੀ ਧੁਨੀ ਪੈਦਾ ਹੁੰਦੀ ਹੈ ਅਤੇ ਤਾਂ ਹੀ ਪ੍ਰਭੂ ਦਾ ਮਿਲਾਪ ਹੁੰਦਾ ਹੈ। ਇਸ ਨੂੰ ਅਪਣਾ ਕੇ ਹੀ ਇਸ ਕਦਮ ਨਾਲ ਪ੍ਰਭੂ ਮਿਲਾਪ ਹੁੰਦਾ ਹੈ ।

# ਕੀ ਸਭ ਨੂੰ ਸਮਝਾਇਆ ਜਾ ਸਕਦਾ ਹੈ ਜਾਂ
# ਕੀ ਸਭ ਦਾ ਮਨ ਬਦਲਿਆ ਜਾ ਸਕਦਾ ਹੈ ? ਭਾਗ - 3

ਡਾ: ਦੇਵਿੰਦਰ ਸਿੰਘ ਸੇਖੋਂ, ਵਿੰਡਸਰ (ਕੈਨੇਡਾ)

ਇਤਿਹਾਸ ਵਿੱਚ ਅਜਿਹੀਆਂ ਬੇਸ਼ੁਮਾਰ ਉਦਾਹਰਣਾਂ ਹਨ ਜਿੱਥੇ ਮਾਇਆਧਾਰੀਆਂ ਨੇ ਕਿਸੇ ਦੀ ਵੀ ਨਹੀਂ ਸੁਣੀ। ਗੁਰੂ ਨਾਨਕ ਸਾਹਿਬ ਦੇ ਆਪਣੇ ਸਪੁੱਤ੍ਰਾਂ ਨੇ ਆਪ ਜੀ ਦੀ ਮਹਾਨਤਾ ਨੂੰ ਨਾ ਸਮਝਿਆ ਅਤੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਨਹੀਂ ਕੀਤੀ। ਸੱਤਾ ਅਤੇ ਬਲਵੰਡ ਆਪਣੀ ਵਾਰ ਵਿਚ ਕਹਿੰਦੇ ਹਨ। (967)॥

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ॥ ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥

ਜਦ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਆਪਣੇ ਵੱਡੇ ਪੁੱਤ੍ਰ ਪ੍ਰਿਥੀ ਚੰਦ ਨੂੰ ਨਾ ਦੇ ਕੇ ਸਭ ਤੋਂ ਛੋਟੇ ਸਪੁੱਤ੍ਰ ਸ੍ਰੀ ਅਰਜਨ ਦੇਵ ਜੀ ਨੂੰ ਸੌਂਪ ਦਿੱਤੀ, ਤਾਂ ਪ੍ਰਿਥੀ ਚੰਦ ਨੇ ਗੁਰੂ-ਪਿਤਾ ਦੀ ਰਜ਼ਾ ਵਿੱਚ ਰਹਿਣ ਦੀ ਬਜਾਇ, ਉਹਨਾਂ ਨਾਲ਼ ਝਗੜਾ ਕੀਤਾ ਅਤੇ ਕਲੇਸ਼ ਪਾ ਦਿੱਤਾ। ਬੇਸਮਝ ਲੋਕਾਂ ਨੂੰ ਸਮਝਾਉਣ ਲਈ, ਗੁਰੂ ਜੀ ਨੇ ਜੋ ਸਿੱਖਿਆ ਪ੍ਰਿਥੀ ਚੰਦ ਜੀ ਨੂੰ ਦਿੱਤੀ, ਉਹ ਇਸ ਪ੍ਰਕਾਰ ਹੈ।

ਸਾਰੰਗ ਮਹਲਾ 4 (1201)॥
ੴ ਸਤਿਗੁਰ ਪ੍ਰਸਾਦਿ॥ ਕਾਹੇ ਪੂਤ ਝਗਰਤ ਹਉ ਸੰਗਿ ਬਾਪ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥1॥ ਰਹਾਉ॥



ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ॥ ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ॥ ---

ਪ੍ਰਿਥੀ ਚੰਦ ਨੇ ਸਮਝਣਾ ਤਾਂ ਕੀ ਸੀ, ਉਹ ਗੁਰੂ ਅਰਜਨ ਸਾਹਿਬ ਦਾ ਵਿਰੋਧ ਹੀ ਕਰਦਾ ਰਿਹਾ। ਉਸਨੇ ਆਪਣੇ ਭਤੀਜੇ, ਸ੍ਰੀ ਹਰਿਗੋਬਿੰਦ ਨੂੰ ਮਰਵਾਉਣ ਦੇ ਕਈ ਅਸਫ਼ਲ ਯਤਨ ਕੀਤੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਜਿਹੇ ਬਹੁਤ ਸ਼ਬਦ ਹਨ ਜਿਨ੍ਹਾਂ ਵਿੱਚ ਇਹ ਸਪੱਸ਼ਟ ਲਿਖਿਆ ਹੈ ਕਿ ਮਾਇਆਧਾਰੀ (ਦੁਨਿਆਵੀ ਪਦਾਰਥਾਂ ਨਾਲ ਮੋਹ ਰੱਖਣ ਵਾਲੇ) ਕਿਸੇ ਦੀ ਵੀ *ਨੇਕ ਸਿੱਖਿਆ* ਨਹੀਂ ਸੁਣਦੇ। ਇਸ ਸਬੰਧ ਵਿੱਚ ਹੇਠ ਦਿੱਤੇ ਕੁਝ ਕੁ ਸ਼ਬਦਾਂ ਨੂੰ ਧਿਆਨ ਗੋਚਰ ਕਰੋ।

ਪਉੜੀ ਮ: 1 ਆਸਾ ਦੀ ਵਾਰ (473)॥
ਸਭੁ ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥ *ਮੂਰਖੈ ਨਾਲਿ ਨ ਲੁਝੀਐ॥*

ਸਲੋਕ ਮਹਲਾ 3 (87)॥
*ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ॥* ਮਨਮੁਖੁ ਰਲਾਇਆ ਨ ਰਲੈ ਪਇਐ ਕਿਰਤਿ ਫਿਰਾਇ॥ ਮਨਮੁਖ ਮਨ ਹਠਿ ਹਾਰਿਆ ਕੂੜੁ ਕੁਸਤੁ ਕਮਾਇ॥

ਨਟ ਨਰਾਇਣੁ ਮਹਲਾ 4 (983)॥
ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲ ਫੂਲ ਬਿਸੁਕਾਰੇ॥ *ਜਿਉ ਜਿਉ ਨਿਵੈ ਸਾਕਤ ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ॥*

ਸਲੋਕ ਮਹਲਾ 5 (315)॥ *ਅਵਖਧ ਸਭੇ ਕੀਤੀਅਨੁ ਨਿੰਦਕ ਕਾ ਦਾਰੂ ਨਾਹਿ॥* ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ॥ ਮਹਲਾ 3॥ ਮਾਇਆਧਾਰੀ ਅੰਨ੍ਹਾ ਬੋਲਾ॥ ਨਾਮੁ ਨ ਸੁਣਈ ਬਹੁ ਰੋਲ਼ ਘਚੋਲਾ॥

ਆਸਾ ਕਬੀਰ ਜੀ(481)॥ਕਹਾ ਸੁਆਨ ਕਉ ਸਿੰਮ੍ਰਿਤਿ ਸੁਨਾਏ॥ ਕਹਾ ਸਾਕਤ ਪਹਿ ਹਰਿ ਗੁਨ ਗਾਏ॥1॥ ਰਾਮ ਰਾਮ ਰਾਮ ਰਮੇ ਰਮਿ ਰਹੀਐ॥ *ਸਾਕਤ ਸਿਉ ਭੂਲਿ ਨਹੀ ਕਹੀਐ* ॥

ਗੁਰੂ ਦੀ ਸਿੱਖਿਆ ਮੰਨਣ ਵਿੱਚ ਮਨੁੱਖ ਦਾ ਹੰਕਾਰ ਅਤੇ ਲਾਲਚ ਰੁਕਾਵਟਾਂ ਹਨ। ਇਹ ਦੋਵੇਂ ਮਾਇਆ ਦੇ ਹੀ ਰੂਪ ਹਨ ਅਤੇ ਹਉਮੈ ਨੂੰ ਜਨਮ ਦਿੰਦੇ ਹਨ।

ਮਨੁੱਖ ਦਾ ਜਨਮ ਹੀ ਉਸਦੀ ਹਉਮੈ ਕਰਕੇ ਹੁੰਦਾ ਹੈ, ਅਤੇ ਗੁਰਮੁਖਾਂ ਨੂੰ ਛੱਡ ਕੇ, ਮਨੁੱਖ ਆਪਣੇ ਜੀਵਨ ਦੇ ਸਾਰੇ ਹੀ ਕਾਰਜ ਹਉਮੈ ਕਰਕੇ ਹੀ ਕਰਦਾ ਹੈ॥

ਆਸਾ ਦੀ ਵਾਰ, ਸਲੋਕ ਮਹਲਾ 1 (466)॥

ਹਉ ਵਿਚਿ ਆਇਆ ਹਉ ਵਿਚਿ ਗਇਆ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ॥ ਹਉ ਵਿਚਿ ਦਿਤਾ ਹਉ ਵਿਚਿ ਲਇਆ॥ ਹਉ ਵਿਚਿ ਖਟਿਆ ਹਉ ਵਿਚਿ ਗਇਆ॥ ਹਉ ਵਿਚਿ ਸਚਿਆਰੁ ਕੂੜਿਆਰੁ॥ ਹਉ ਵਿਚਿ ਪਾਪ ਪੁੰਨ ਵੀਚਾਰੁ॥ ---

ਗੁਰੂ ਅੰਗਦ ਸਾਹਿਬ ਹਉਮੈ ਨੂੰ ਮਨੁੱਖ ਲਈ ਇੱਕ ਵੱਡਾ ਰੋਗ ਫੁਰਮਾਉਂਦੇ ਹਨ ਜਿਸ ਨੂੰ ਅਕਾਲ ਪੁਰਖ ਨੇ ਆਪ ਹੀ ਪੈਦਾ ਕੀਤਾ ਹੈ ਅਤੇ ਹਰ ਮਨੁੱਖ ਜਨਮ ਤੋਂ ਹੀ ਇਸ ਦਾ ਸ਼ਿਕਾਰ ਹੁੰਦਾ ਹੈ॥

ਆਸਾ ਦੀ ਵਾਰ, ਸਲੋਕ ਮਹਲਾ 2 (466)॥

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥ ਹਉਮੈ ਕਿਥਹੁ ਉਪਜੈ ਕਿਤੁ ਸੰਜਮਿ ਇਹ ਜਾਇ॥ *ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥* ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥

**Global Sikh Council**
**Voice Of Sikhs Worldwide**
www.globalsikhcouncil.org

**Suggestions Received in Global Sikhi Scholars seminar on ਪੁਨਰਜਨਮ (ਆਵਾਗਵਣ) ਬਾਰੇ ਬਾਣੀ ਦਾ ਸੰਦੇਸ਼ held on June 14/15, 2023.**

1) Priestly class has created the concept of Reincarnation (Awagavan) for their greed. It is unfortunate that today, majority of Sikhs believe in "Awagavan", because it is being preached by the clergy class and even by the reputed Sikh preachers for generations.
2) Because Udasis/Nirmalas controlled our Gurdwaras for many decades, were Hindus in reality and thus they followed Hindu customs and practices. Reincarnation is a Hindu concept and have crept into Sikh religion because of this reason.
3) Indulging in vices and bad deeds changes our state of mind in our life and is like undergoing "Awagavan". Gurbani uses various metaphors to explain our state of mind similar to various other species.
4) Gurbani mostly refers to state of mind when it talks about births and deaths. It leads to spiritual/moral birth/death and not the physical birth/death.
5) The aim of human life as per Gurbani is to become "Sachiar" and hence "Jeevan Mukt" (life free from vices), right at present. Our future will depend upon the deeds of our present.
6)As per Gurbani, we originated from one creator and shall merge with the same. When we die, all the five elements of our body are absorbed by the environment and Jot (light/consciousness)
merges with the origin.
7) There is no place like paradise or Heaven in this universe.
"Sachkhand" or Heaven is a stage of mind as per Japuji Sahib.
8) People wasting their time and energy performing religious rituals so that they can achieve Heaven after their physical death are just running after a mirage.

www.globalsikhcouncil.org info@globalsikhcouncil.org

ਗੁਰਗੱਦੀ ਦਿਵਸ ਤੇ ਵਿਸ਼ੇਸ਼-

## ਗੁਰ ਰਾਮ ਦਾਸ ਰਾਖਹੁ ਸਰਣਾਈ

ਗੁਰਦੀਸ਼ ਕੌਰ ਗਰੇਵਾਲ,
403-404-1450 ਕੈਲਗਰੀ (ਕੈਨੇਡਾ)



ਜ਼ਿਕਰ ਓਸ ਪੈਗੰਬਰ ਦਾ ਕਰਾਂ ਕਿੱਦਾਂ,
ਛੋਟੀ ਉਮਰੇ ਹੀ ਜਿਹੜਾ ਅਨਾਥ ਹੋਇਆ।
ਜਿਹੜਾ ਪਲਿਆ ਗਰੀਬੀ ਦੀ ਗੋਦ ਅੰਦਰ,
ਮਾਂ ਬਾਪ ਦਾ ਸਾਇਆ ਨਾ ਸਾਥ ਹੋਇਆ।

ਪਲਿਆ ਨਾਨਕੇ ਨਾਨੀ ਦੇ ਕੋਲ ਜੇਠਾ,
ਕਿਰਤੀ ਮਿਹਨਤੀ ਧਰਮੀ ਸੁਭਾਅ ਹੋਇਆ।
ਕੀਤੇ ਦਰਸ਼ਨ ਜਦ ਤੀਜੇ ਪਾਤਸ਼ਾਹ ਦੇ,
ਗੋਇੰਦਵਾਲ ਨਾ ਮੁੜ ਭੁਲਾਅ ਹੋਇਆ।

ਪਿਛਲੇ ਕਰਮ ਕੋਈ ਜੇਠੇ ਦੇ ਆਣ ਜਾਗੇ,
ਬੀਬੀ ਭਾਨੀ ਲਈ ਗੁਰੂ ਨੂੰ ਹਾਣ ਲੱਭਾ।
ਹੀਰਾ ਨਿਕਲ ਕੇ ਹੁਣ ਤਾਂ ਪੱਥਰਾਂ 'ਚੋਂ,
ਹੱਥ ਪਾਰਖੂ ਜੌਹਰੀ ਦੇ ਆਣ ਲੱਗਾ।

ਕਿਹਨੂੰ ਪਤਾ ਸੀ ਜਿਹਨੂੰ ਯਤੀਮ ਕਹਿੰਦੇ,
ਇਸ ਯਤੀਮਾਂ ਦੇ ਪਰਦੇ ਕੱਜਣੇ ਨੇ।
ਓਹਦੀ ਰਹਿਮਤ ਨਾਲ ਏਹਦੇ ਲੰਗਰਾਂ 'ਚੋਂ,
ਪਰਲੋ ਤੀਕ ਭੁੱਖੇ ਭਾਣੇ ਰੱਜਣੇ ਨੇ।

ਕਿਹਨੂੰ ਪਤਾ ਸੀ ਟੋਕਰੀ ਢੋਂਹਦਿਆਂ ਹੀ,
ਦੀਨ ਦੁਨੀ ਦਾ ਛਤਰ ਸਿਰ ਝੁੱਲ ਪੈਣਾ।
ਗੁਰੂ ਨਾਨਕ ਦੀ ਮਿਹਰ ਜਾਂ ਹੋਊ ਇਸ ਤੇ,
ਇਹਦੀਆਂ ਘੁੰਗਣੀਆਂ ਦਾ ਫਿਰ ਮੁੱਲ ਪੈਣਾ।

ਸੂਝਵਾਨ ਤੇ ਪੁੰਜ ਸੀ ਨਿਮਰਤਾ ਦਾ,
ਹੁਕਮ ਗੁਰੂ ਦਾ ਮੰਨਦਾ ਨਾਲ ਜੇਠਾ।
ਥੜ੍ਹਿਆਂ ਵਾਲੇ ਇਮਤਿਹਾਨ 'ਚੋਂ ਪਾਸ ਹੋਇਆ,
ਗੁਰਗੱਦੀ ਤੇ ਦਿੱਤਾ ਬਿਠਾਲ ਜੇਠਾ।

ਪਾਤਸ਼ਾਹ ਦੇ ਹੁਕਮ ਨੂੰ ਮੰਨ ਕੇ ਤੇ,
ਇੱਕ 'ਗੁਰੂ ਕਾ ਚੱਕ' ਵਸਾ ਦਿੱਤਾ।
ਸਭ ਕਿੱਤਿਆਂ ਦੇ ਲੋਕ ਵਸਾ ਏਥੇ,
ਨਵਾਂ 'ਗੁਰੂ ਬਜ਼ਾਰ' ਬਣਾ ਦਿੱਤਾ।

ਸਾਰੇ ਜਗਤ ਦੇ ਦੁੱਖੜੇ ਕੱਟਣੇ ਲਈ,
'ਸੰਤੋਖ ਸਰ' ਸਰੋਵਰ ਬਣਾ ਦਿੱਤਾ।
ਦੁੱਖ ਭੰਜਨੀ ਬੇਰੀ ਹੇਠ ਬਹਿ ਕੇ,
'ਸੋਮਾ ਅੰਮ੍ਰਿਤ' ਵੀ ਇੱਕ ਖੁਦਵਾ ਦਿੱਤਾ।

ਕੇਂਦਰ ਕੌਮ ਦਾ ਆਸਰਾ ਨਿਰਧਨਾਂ ਦਾ,
ਚਹੁੰ ਵਰਨਾਂ ਲਈ ਦਰ ਸੀ ਖੋਲ੍ਹ ਦਿੱਤੇ।
ਹੰਝੂ ਅੱਖੀਆਂ 'ਚ ਲੈ ਕੇ ਆਏ ਜਿਹੜਾ,
ਮੋਤੀ ਉਸ ਦੀ ਝੋਲੀ 'ਚ ਡੋਲ੍ਹ ਦਿੱਤੇ।

ਪ੍ਰਿਥੀ ਚੰਦ ਹੋਇਆ ਗੁਰੂ ਘਰ ਦੋਖੀ,
ਦਾਤੇ ਉਸ ਨੂੰ ਦਿਲੋਂ ਵਿਸਾਰ ਦਿੱਤਾ।
ਮਹਿਮਾਂ ਪਾਵਨ ਗੁਰਬਾਣੀ ਦੀ ਕਾਇਮ ਰੱਖੀ,
ਅਰਜਨ ਗੁਰੂ ਤੋਂ ਜੱਗ ਰੁਸ਼ਨਾਰ ਦਿੱਤਾ।

"ਦਾਹੜੀ ਲੰਮੀ ਕਿਉਂ ਏਨੀ ਵਧਾਈ ਹੋਈ ਏ"
ਸ੍ਰੀ ਚੰਦ ਜੀ ਕਿਹਾ ਉਚਾਰ ਮੁੱਖੋਂ।
"ਮਹਾਂ ਪੁਰਸ਼ਾਂ ਦੇ ਚਰਨਾਂ ਨੂੰ ਝਾੜਨੇ ਲਈ"
ਏਦਾਂ ਆਖਿਆ- ਨੂਰੀ ਨੁਹਾਰ ਮੁੱਖੋਂ।

ਤੀਹ ਰਾਗਾਂ 'ਚ ਬਾਣੀ ਉਚਾਰ ਗੁਰਾਂ,
ਪਰਉਪਕਾਰ ਹੈ ਇੱਕ ਮਹਾਨ ਕੀਤਾ।
ਅਨੰਦ ਕਾਰਜ ਦੀ ਰਸਮ ਨੂੰ ਰਾਸ ਕਰਦਾ,
'ਪਾਠ ਲਾਵਾਂ ਦਾ' ਕੁੱਲ ਜਹਾਨ ਦਿੱਤਾ।

ਸਾਂਝੀਵਾਲਤਾ, ਸਬਕ ਮਨੁੱਖਤਾ ਨੂੰ,
ਮਹਿਮਾਂ ਤੇਰੀ ਤਾਂ 'ਦੀਸ਼' ਨਹੀਂ ਗਾ ਸਕਦੀ।
'ਦੀਨ ਦੁਨੀ ਦੇ ਥੰਮ' ਰਾਮ ਦਾਸ ਸਤਿਗੁਰ,
ਕੌਮ ਨਹੀਂ ਉਪਕਾਰ ਭੁਲਾ ਸਕਦੀ।

('ਜਿਨੀ ਨਾਮੁ ਧਿਆਇਆ'- ਪੁਸਤਕ)



## ਕਿਆ ਕਹਿਣੇ ਦੇਸ ਪੰਜਾਬ ਦੇ

ਨਿਰਵੈਰ ਸਿੰਘ ਅਰਸ਼ੀ
ਅਨੰਦਪੁਰ ਸਾਹਿਬ (ਭਾਰਤ)



# ਗੀਤ ਕਿਆ ਕਹਿਣੇ ਦੇਸ ਪੰਜਾਬ ਦੇ

**ਨਿਰਵੈਰ ਸਿੰਘ ਅਰਸ਼ੀ**

ਕਿਆ ਕਹਿਣੇ ਦੇਸ ਪੰਜਾਬ ਦੇ, ਮਨਮੋਹਣੇ ਫੁੱਲ ਗੁਲਾਬ ਦੇ।
ਗੂੰਜੇ ਬਾਬੇ ਦੀ ਬਾਣੀ ਕਿਤੇ - ਇਸ਼ਕੇ ਦੀ ਛਿੜੀ ਕਹਾਣੀ ਕਿਤੇ-
ਨੱਚਦੀ ਗਿੱਧਿਆਂ ਦੀ ਰਾਣੀ ਕਿਤੇ - ਚਾਟੀ ਵਿਚ ਪਈ ਮਧਾਣੀ ਕਿਤੇ-
ਕਿਤੇ ਵੰਝਲੀ ਮਨ ਨੂੰ ਮੋਹ ਰਹੀ - ਅਤੇ ਦਿਲ ਦੀ ਧੜਕਣ ਟੋਹ ਰਹੀ-
ਸੁਰ ਛਿੜਦੇ ਕਿਤੇ ਰਬਾਬ ਦੇ। ਕਿਆ ਕਹਿਣੇ ... .. ...

ਦਸਮੇਸ਼ ਗੁਰੂ ਬਲਕਾਰ ਕਿਤੇ - ਨਲਵੇ ਵਰਗੇ ਸਰਦਾਰ ਕਿਤੇ -
ਊਧਮ ਤੇ ਭਗਤ, ਸਰਾਭੇ ਜਿਹੇ - ਹੱਸ ਹੱਸ ਕੇ ਚੜ੍ਹਦੇ ਦਾਰ ਕਿਤੇ -
ਕਹਿੰਦੇ ਨੇ ਕਹਾਣੀ ਵੀਰਾਂ ਦੀ - ਤੀਰਾਂ ਦੀ, ਅਰ ਸ਼ਮਸ਼ੀਰਾਂ ਦੀ -
ਪੱਤਰੇ ਹਰ ਇੱਕ ਕਿਤਾਬ ਦੇ, ਕਿਆ ਕਹਿਣੇ ... .. ...

ਕਿਤੇ ਗੱਭਰੂ ਭੰਗੜੇ ਪੌਣ ਪਏ - ਕੋਈ ਬਾਲੋ ਮਾਹੀਆ ਗੌਣ ਪਏ -
ਕੋਈ ਨੱਚਦੇ - ਟੱਪਦੇ ਖੁਸ਼ੀਆਂ ਵਿਚ - ਬੱਕਰੇ ਵੀ ਖੂਬ ਬੁਲੌਣ ਪਏ -
ਜਦ ਡਾਂਗ ਮੋਢੇ 'ਤੇ ਧਰਦੇ ਨੇ - ਜਦ ਵੱਟ ਮੁੱਛਾਂ ਨੂੰ ਚੜ੍ਹਦੇ ਨੇ -
ਸਭ ਬਣਦੇ ਪੁੱਤ ਨਵਾਬ ਦੇ। ਕਿਆ ਕਹਿਣੇ ... .. ...

ਕਿਤੇ ਹੀਰਾਂ ਰੰਗ ਵਿਖਾ ਰਹੀਆਂ - ਅੱਗ ਪਾਣੀਆਂ ਤਾਈਂ ਲਾ ਰਹੀਆਂ -
ਸਾਵਣ ਦੀਆਂ ਪੀਂਘਾਂ ਪਾ ਰਹੀਆਂ - ਅਤੇ ਗੀਤ ਖੁਸ਼ੀ ਦੇ ਗਾ ਰਹੀਆਂ -
ਅੱਜ ਚਰਚੇ ਕੁੱਲ ਜਹਾਨਾਂ 'ਤੇ - ਧਰਤੀ ਤੋਂ ਲੈ ਅਸਮਾਨਾਂ 'ਤੇ -
ਤੇਰੇ 'ਅਰਸ਼ੀ' ਹੁਸਨ-ਸ਼ਬਾਬ ਦੇ। ਕਿਆ ਕਹਿਣੇ ... .. ...

## Proud of our Distinguished Scientists

### Eminent Dr. Harbans Lal  given Lifetime Achievement Award



Dr. Harbans Lal was born in 1931 in Haripur (NWFP, Khyber Pakhtunkhwa). In 1958, he received Master's degree from the University of Kansas and Ph.D. degree from University of Chicago, in 1962. He was Professor at the Universities of Kansas, Chicago, Rhode Island, and North Texas Health Science Center, (Pharmacology and Neurosciences). He published over 400 research papers, 28 books, and 56 chapters in books, was Editor of the journal, "Drug Development Research," and was honored with the Distinguished Neuroscientist Award. The American College of Neuropsychopharmacology elected him as its member.

He has also been associated with several Sikh institutions. He was a Founder Member of the All-India Sikh Students Federation (AISSF) and served as Editor-in-Chief of "Sikh Students' Bulletin." SGPC Amritsar conferred the title "Bhai Sahib" on him. He has been the Founder of the Sarab Hind Sehajdhari Sikh Organization and Sri Nanakana Sahib Foundation. He writes a blog "Seeking Wisdom." Sri Akal Takht, Takht Sri Hazur Sahib, Takht Sri Patna Sahib, Chief Khalsa Diwan, Sikh Dharma International, and the Sikh Social and Educational Society, Canada, have honored him. He has been awarded D. Litt. (Honoris Causa) degree by Guru Nanak Dev University, Amritsar, in 1995. He has also been honored with the Order of Nishan-e-Khalsa, by Anandpur Sahib Foundation, in 1999.
A distinguished neuroscientist and Sikh theologian, Dr. Harbans Lal, is a Founder Member of the School of Scientific and Logical Interpretation of *Gurbani*. He has devoted his whole life to spreading the message of Education, *Gurmat,* and Service to all. He asserts that Sikh Gurus' philosophy, their Sikhi Ethics, their Compositions, and *Sri Guru Granth Sahib* (SGGS) are the substance of spirituality befitting the 21st century. He is known for his leading roles in Interfaith organizations

Sardar Mahinder Pal Singh was Depty Leader of the ISRO Chandrayan – 3 Project

https://www.facebook.com/photo.php?fbid=1807976119658111&set=gm.3613966668836747&type=3

Bringing Cultures Together
(Jaspreet Singh Rajpoot)

RCMPRCMP's post

"Depot" Division



**RCMP Depot Division**: It's **#RCMP150** and we are highlighting some of the many stories that make up the unique community at Depot. We'd like to introduce you to Cst. Rajpoot.

This story is a little different than our other **#ManyFaces** **#ManyStories** as Cst. Rajpoot is posted in Alberta. He was a cadet here only a few years ago in 2018. Some of his favourite experiences from Depot was participating in Sunset Ceremonies and Drill, because of his background in the armed forces. In addition to developing teamwork, drill is a resource for dress and deportment on both a local and divisional level. During his training, Cst. Rajpoot provided valuable insight to the Sergeant Major about sensitive religious and cultural matters in relation to the RCMP uniform. For some there are fears and concerns about wearing a turban operationally, as well as views in faith for both baptised and non-baptised Sikhs. Through conversations about ways of wearing religious headgear during field / combat exercises, and turban wrapping demonstrations, Cst. Rajpoot helped both cadets and staff better understand and gain perspective. Cst. Rajpoot notes the change in focus on diversity and inclusivity during his time with the RCMP. Apart from day to day policing he often sees that the uniform inspires youth. He regularly guides young adults and diversity applicants about RCMP careers. To this day, he continues to be in touch the Sergeant Major, offering support to Depot staff, cadets and RM's. "Being a member of the minority culture and diverse background, my role in the community specifically brings the different cultures together as we all work for one cause, the service for the Community."

# ਅਨੇਕ ਹੈਂ! ਫਿਰਿ ਏਕ ਹੈਂ!!

ਡਾ. ਕਰਨਜੀਤ ਸਿੰਘ ਮੋ. 98720-25038

ਸਵਾ ਤਿੰਨ ਲੱਖ ਕਿਸਮਾਂ ਦੀ ਬਨਸਪਤੀ ਦੇ
ਰੰਗ
ਅਕਾਰ
ਉਤਪਾਦ
ਮਹਿਕ
ਅਨੇਕ ਹੈਂ! ਫਿਰਿ ਏਕ ਹੈਂ!!
ਪੌਣੇ ਅੱਠ ਲੱਖ ਵੰਨਗੀਆਂ ਦੇ ਜੀਵ-ਜੰਤੂਆਂ ਦੇ
ਮੁਹਾਂਦਰੇ
ਆਵਾਸ
ਖਾਣ-ਪੀਣ
ਆਦਤਾਂ
ਅਨੇਕ ਹੈਂ! ਫਿਰਿ ਏਕ ਹੈਂ!!
ਅੱਠ ਅਰਬ ਆਬਾਦੀ ਦੀ
ਨਿਹਾਰ
ਵਿਚਾਰ
ਵਿਹਾਰ
ਕਿਰਦਾਰ
ਅਨੇਕ ਹੈਂ! ਫਿਰਿ ਏਕ ਹੈਂ!!
ਤੇ ਫਿਰ ਉਹਨਾਂ ਦੀਆਂ
ਆਸਥਾਵਾਂ
ਮਾਨਤਾਵਾਂ
ਦ੍ਰਿਸ਼ਟੀਆਵਾਂ
ਸੱਭਿਆਤਾਵਾਂ
ਅਨੇਕ ਹੈਂ! ਫਿਰਿ ਏਕ ਹੈਂ!!
ਮਨੁੱਖੀ ਸਰੀਰਕ
ਢਾਂਚਾ
ਅੰਗ
ਕ੍ਰਿਆਵਾਂ
ਰੇਖਾਵਾਂ
ਅਨੇਕ ਹੈਂ! ਫਿਰਿ ਏਕ ਹੈਂ!!
ਪਹਿਰਾਵੇ
ਮਨੁਖ ਵਲੋਂ ਬਣਾਏ ਗਏ
ਖਾਣ-ਪੀਣ
ਦਿਨ-ਤਿਉਹਾਰ
ਧਰਮ
ਅਨੇਕ ਹੈਂ! ਫਿਰਿ ਏਕ ਹੈਂ!!
ਨਾਲ ਇਹ ਕਿ
ਬੋਲੀ
ਕਿਰਤ
ਰਹਿਣ-ਬਸੇਰੇ
ਸਾਧਨ
ਅਨੇਕ ਹੈਂ! ਫਿਰਿ ਏਕ ਹੈਂ!!
ਮੁੱਕਦੀ ਗੱਲ ਵਿਭਿੰਨਤਾਵਾਂ ਕਰਕੇ ਹੀ
ਹੋਂਦ ਹੈ
ਸੰਤੁਲਨ ਹੈ
ਰੌਚਿਕਤਾ ਹੈ
ਤਾਂਘ ਹੈ
ਕਿਉਂਕਿ, ਅਨੇਕ ਹੈਂ! ਫਿਰਿ ਏਕ ਹੈਂ!!
ਇਹ ਵਰਤਾਰਾ ਸੁੱਤੇ-ਸਿੱਧ ਹੁੰਦਾ, ਕਿਉਂਕਿ
ਊਰਜਾ ਏਕ ਆ
ਪੁੰਜ ਏਕ ਆ
ਆਕਰਸ਼ਣ ਏਕ ਆ
ਮਤਲਬ, ਪ੍ਰਮਾਤਮਾ 'ਏਕ' ਆ
ਪਰ ਜੇ ਕੋਈ ਕਹੇ ਕਿ ਇਸ 'ਏਕ' ਨੂੰ
ਬਣਾਉਣਾ
ਘੜਣਾ
ਘਟਾਉਣਾ
ਵਧਾਉਣਾ
ਤਾਂ ਉਸ ਨੂੰ ਦੱਸਣਾ ਪਊ ਕਿ
ਅਨੇਕ ਹੈਂ! ਫਿਰਿ ਏਕ ਹੈਂ!! ◆

ਅਗਸਤ 2023 (August 2023) ਜਿਲਦ 49-8 (Vol 49-8) ਅੰਕ-566 (Issue 566) 28

(“ਸਾਡਾ ਵਿਰਸਾ ਸਾਡਾ ਗੌਰਵ” ਵਿਚੋਂ)

## ਦਸਤਾਰਧਾਰੀ ਜਾਂਬਾਜ਼ : ਭਾਗ - 2

ਡਾ. ਹਰਸ਼ਿੰਦਰ ਕੌਰ, ਐੱਮ.ਡੀ., ਪਟਿਆਲਾ : 2216783

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘ ਸਜਾ ਕੇ ਉਨ੍ਹਾਂ ਦੇ ਸਰੀਰਾਂ ਅੰਦਰ ਜੋ ਰੂਹ ਪਾਈ, ਉਸ ਨੇ ਮਹਾਨ ਜਾਂਬਾਜ਼ ਪੈਦਾ ਕੀਤੇ। ਨਾਇਬ ਸੂਬੇਦਾਰ ਨੰਦ ਸਿੰਘ ਨੂੰ ਭਾਰਤ ਦੇ ਸਭ ਤੋਂ ਵਧ ਸਨਮਾਨਿਤ ਸਿੱਖ ਯੋਧੇ ਹੋਏ। ਪਹਿਲੇ ਵਿਸ਼ਵ ਜੰਗ ਵਿਚ ਵਿਕਟੋਰੀਆ ਕਰਾਸ ਹਾਸਲ ਕੀਤਾ। 1947 ਵਿਚ ਜੰਮੂ ਕਸ਼ਮੀਰ ਦੇ ਉੜੀ ਵਿਚ "ਇਕ ਸਿੱਖ ਰੈਜਮੈਂਟ" ਵਲੋਂ ਹਿੰਦ ਪਾਕਿ ਜੰਗ ਵਿਚ ਆਪਣੇ ਸਾਥੀਆਂ ਨੂੰ ਬਚਾਉਂਦੇ ਅਤੇ ਦੁਸ਼ਮਣਾਂ ਦੇ ਦੰਦ ਖੱਟੇ ਕਰਦਿਆਂ ਜਾਨ ਵਾਰ ਦਿਤੀ। ਇਕ ਵਿਲੱਖਣ ਮਿਸਾਲ ਵਿਚ ਤਿਖੀ ਚੋਟੀ ਉੱਤੇ ਬੈਠੀ ਦੁਸ਼ਮਣ ਦੀ ਟੁਕੜੀ ਨੂੰ ਹੇਠੋਂ ਭਾਰੇ ਹਥਿਆਰ ਵਰਤ ਕੇ, ਫੱਟੜ ਸਰੀਰ ਨਾਲ, ਕਾਬੂ ਕੀਤਾ ਅਤੇ ਹੋਰ ਦੋ ਚੋਟੀਆਂ ਵੀ ਦੁਸ਼ਮਣਾਂ ਤੋਂ ਆਜ਼ਾਦ ਕਰਵਾਈਆਂ। ਇਹ ਇਕੋ ਇਕ ਭਾਰਤੀ ਫੌਜੀ ਹੈ ਜਿਸ ਨੂੰ ਵਿਕਟੋਰੀਆ ਕਰਾਸ ਅਤੇ ਮਹਾਵੀਰ ਚਕਰ ਵੀ ਹਾਸਲ ਹੋਇਆ। ਮਾਨਸਾ ਜ਼ਿਲ੍ਹੇ ਦਾ ਬਹਾਦਰਪੁਰ ਪਿੰਡ ਅਜ ਵੀ ਆਪਣੇ ਇਸ ਮਹਾਨ ਯੋਧੇ ਨੂੰ ਪ੍ਰਣਾਮ ਕਰਦਾ ਹੈ।

ਸਿਆਚਿਨ ਦੇ ਹੀਰੋ ਨਾਇਬ ਸੂਬੇਦਾਰ ਬਾਨਾ ਸਿੰਘ ਨੇ ਦਸਤਾਰ ਦਾ ਰੁਤਬਾ ਹੋਰ ਪੱਕਾ ਕਰ ਦਿਤਾ। ਪਰਮਵੀਰ ਚਕਰ ਵਿਜੇਤਾ ਬਾਨਾ ਸਿੰਘ ਜੀ ਨੇ ਜਿਸ ਬੇਮਿਸਾਲ ਬਹਾਦਰੀ ਨਾਲ ਸਿਆਚਿਨ ਦੀ ਸਭ ਤੋਂ ਉੱਚੀ ਚੋਟੀ ਨੂੰ ਪਾਕਿਸਤਾਨ ਤੋਂ ਜਿਤ ਕੇ ਵਾਪਸ ਭਾਰਤ ਨਾਲ ਮਿਲਾਇਆ ਅਜ ਉਸ ਚੋਟੀ ਨੂੰ 'ਬਾਨਾ ਚੋਟੀ' ਦਾ ਨਾਂ ਦਿਤਾ ਗਿਆ ਹੈ।

ਫ਼ਖ਼ਰ ਨਾਲ ਸਿਰ ਉੱਚਾ ਹੋ ਜਾਂਦਾ ਹੈ ਜਦੋਂ ਸਿਰ ਉੱਤੇ ਦਸਤਾਰ ਸਜਾਈ ਜਨਰਲ ਜਗਜੀਤ ਸਿੰਘ ਅਰੋੜਾ ਦਾ ਨਾਂ ਲਿਆ ਜਾਂਦਾ ਹੈ। ਦੁਨੀਆ ਵਿਚ ਅਜਿਹੀ ਮਿਸਾਲ ਨਹੀਂ ਮਿਲਦੀ ਜਿਥੇ ਢਾਕੇ ਵਿਖੇ ਦਸੰਬਰ 1971 ਵਿਚ 93,000 ਪਾਕਿਸਤਾਨੀ ਫੌਜੀਆਂ ਨੇ ਕਿਸੇ ਜਨਰਲ ਅਗੇ ਗੋਡੇ



ਟੇਕੇ ਹੋਣ। ਉਨ੍ਹਾਂ ਬੰਗਲਾਦੇਸੀਆਂ ਨੂੰ ਆਜ਼ਾਦ ਧਰਤੀ ਉੱਤੇ ਸਾਹ ਲੈਣ ਦਿਤਾ। ਪਰਮ ਵਸ਼ਿਸ਼ਟ ਸੇਵਾ ਮੈਡਲ ਅਤੇ ਪਦਮ ਭੂਸ਼ਣ ਹਾਸਲ ਕਰਨ ਵਾਲੇ ਜਗਜੀਤ ਸਿੰਘ ਜੀ ਸਮੁਚੇ ਭਾਰਤ ਦਾ ਮਾਣ ਹਨ।

ਜਰਨੈਲਾਂ ਦੇ ਜਰਨੈਲ, ਮੇਜਰ ਜਨਰਲ ਸ਼ਬੇਗ ਸਿੰਘ ਨੇ ਸਾਬਤ ਕਰ ਦਿਤਾ ਕਿ ਗੁਰੂ ਜੀ ਵਲੋਂ ਸਾਜਿਆ ਖਾਲਸਾ ਕਿਵੇਂ ਕੌਤਕ ਸਿਰਜਦਾ ਹੈ। ਸ਼ਬੇਗ ਸਿੰਘ ਵਲੋਂ ਸਟਾਫ ਕਾਲਜ ਵਿਚ ਘੁੜਸਵਾਰੀ ਵਿਚ ਜਿਤੀਆਂ ਅਠ ਰੇਸਾਂ ਦਾ ਰਿਕਾਰਡ ਅਜ ਤਾਈਂ ਕੋਈ ਨਹੀਂ ਤੋੜ ਸਕਿਆ। ਮਿਲਟਰੀ ਅਪਰੇਸ਼ਨ ਵਿਚਲੀ ਯੁਧ ਪ੍ਰਬੀਨ ਸ਼ਬੇਗ ਸਿੰਘ ਜੀ ਦਾ ਸਾਨੀ ਕੋਈ ਬਣ ਨਹੀਂ ਸਕਿਆ। ਕਸ਼ਮੀਰ ਦੇ ਹਾਜੀ ਪੀਰ ਸੈਕਟਰ ਵਿਚ ਔਖੀਆਂ ਪਾਕਿਸਤਾਨੀ ਪੋਸਟਾਂ ਨੂੰ ਜਿਨ੍ਹਾਂ ਢੰਗਾਂ ਨਾਲ ਉਨ੍ਹਾਂ ਫਤਹਿ ਕੀਤਾ ਉਹ ਲਾਮਿਸਾਲ ਬਹਾਦਰੀ ਪਖੋਂ ਵਿਲੱਖਣ ਸਨ।

ਬੰਗਲਾਦੇਸ ਤਿਆਰ ਕਰਨ ਦਾ ਪੂਰਾ ਮਿਲਟਰੀ ਅਪਰੇਸ਼ਨ ਜਨਰਲ ਜਗਜੀਤ ਸਿੰਘ ਅਰੋੜਾ ਨੇ ਸ਼ਬੇਗ ਸਿੰਘ ਨੂੰ ਸੌਂਪਿਆ ਸੀ ਕੋ ਮੁਕਤੀ ਵਾਹਿਨੀ ਦਾ ਹੀਰੋ ਅਤੇ ਗੁਰਿਲਾ ਟਰੇਨਿੰਗ ਦਾ ਉੱਤਮ ਆਗੂ ਸੀ।

ਇਸੇ ਅਣਥਕ ਯੋਧੇ ਸਦਕਾ ਹੀ ਪਾਕਿਸਤਾਨੀ ਜਰਨੈਲਾਂ ਦੇ ਛੱਕੇ ਛੁਟ ਗਏ ਤੇ ਅੰਤ ਉਹ ਪੂਰੀ ਫੌਜ ਨਾਲ ਜਨਰਲ ਜਗਜੀਤ ਸਿੰਘ ਅਰੋੜਾ ਜੀ ਅਗੇ ਨਤਮਸਤਕ ਹੋ ਗਏ।

ਵਿਰਲੇ ਹੀ ਕਿਸੇ ਵਿਚ ਏਨੀ ਹਿੰਮਤ ਹੋ ਸਕਦੀ ਹੈ ਜਿੰਨੀ ਖਾਲਸਾ ਫੌਜ ਦੇ ਕਮਾਂਡਰ ਇਨ ਚੀਫ਼ ਹਰੀ ਸਿੰਘ ਨਲੂਏ ਵਿਚ ਸੀ। ਭਾਰਤ ਦਾ ਨੇਪੋਲੀਅਨ ਮੰਨਿਆ ਜਾਂਦਾ ਸੂਰਬੀਰਾਂ ਜਰਨੈਲ ਜ਼ੋਰਾਵਰ ਸਿੰਘ ਸੀ। ਇਹੋ ਜਿਹੇ ਅਣਗਿਣਤ ਸੂਰਮਿਆਂ ਵਿਚ ਜਰਨੈਲ ਮੋਹਨ ਸਿੰਘ ਵੀ ਸ਼ਾਮਲ ਹੈ ਜਿਸ ਨੇ ਆਜ਼ਾਦ ਹਿੰਦ ਫੌਜ ਦੀ ਅਗਵਾਈ ਕੀਤੀ। ਪੰਜਾਬ ਵਿਚਲੇ ਇਨ੍ਹਾਂ ਮਹਾਂ ਮਾਨਵਾਂ ਵਿਚ ਕਦੇ ਕਮੀ ਨਹੀਂ ਆਈ। ਗਲਵਾਨ ਘਾਟੀ ਦੇ ਸੂਰਮੇ ਸਿਪਾਹੀ ਗੁਰਤੇਜ ਸਿੰਘ ਅਤੇ ਹਵਲਦਾਰ ਤੇਜਿੰਦਰ ਸਿੰਘ ਨੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਜਿਵੇਂ ਚੀਨੀ ਸੈਨਿਕਾਂ ਨੂੰ ਦਬੋਚ ਕੇ ਮੌਤ ਦੇ ਘਾਟ ਉਤਾਰਿਆ, ਉਨ੍ਹਾਂ ਨੂੰ ਵੀਰ ਚਕਰ ਨਾਲ ਸਨਮਾਨਿਤ ਕੀਤਾ ਗਿਆ।

ਭਾਰਤ ਦੀ ਰਾਜ ਸਭਾ ਵਿਚ ਪੇਸ਼ ਹੋਏ ਤਥ ਅਸਲ ਹਾਲਾਤ ਤੋਂ ਜਾਣੂੰ ਕਰਵਾਉਂਦੇ ਹਨ ਕਿ ਪੰਜਾਬ ਵਿਚ 2132 ਸ਼ਹੀਦਾਂ ਦੀਆਂ ਵਿਧਵਾਵਾਂ ਹਨ, ਜਦਕਿ ਉੱਤਰ ਪ੍ਰਦੇਸ, ਜਿਥੇ ਮੁਲਕ ਦੀ 17 ਫੀਸਦੀ ਵਸੋਂ ਹੈ, ਵਿਚ 1805 ਵਿਧਵਾਵਾਂ ਹਨ। ਪੰਜਾਬ ਭਾਰਤ ਦੀ ਜਨਸੰਖਿਆ ਦਾ ਸਿਰਫ਼ 2.3 ਫੀਸਦੀ ਹਿੱਸਾ ਹੈ ਪਰੰ ਸਭ ਤੋਂ ਵਧ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਇਸੇ ਸੂਬੇ ਵਿਚੋਂ ਹਨ। ਜੇ ਜਨਰਲ ਹਰਬਖ਼ਸ਼ ਸਿੰਘ ਨਾ ਹੁੰਦੇ ਤਾਂ ਅਜ ਅੰਮ੍ਰਿਤਸਰ ਭਾਰਤ ਦਾ ਹਿੱਸਾ ਨਾ ਹੁੰਦਾ।

ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਵੀਰ ਚਕਰ ਹਾਸਲ ਦਸਤਾਰਧਾਰੀ ਹਰਬਖਸ਼ ਸਿੰਘ ਵਿਸ਼ਵ ਜੰਗ ਦੂਜੀ ਵਿਚ ਵੀ ਆਪਣਾ ਲੋਹਾ ਮਨਵਾ ਚੁਕਿਆ ਸੀ। ਵਿਸ਼ਵ ਭਰ ਵਿਚ ਸਿੱਖਾਂ ਦੀ ਸੂਰਮਤਾਈ ਦੀ ਚਰਚਾ ਹੈ।

ਦੁਨੀਆ ਦੇ ਕਿਸੇ ਹਿੱਸੇ ਵਿਚ ਸਾਰਾਗੜ੍ਹੀ ਵਰਗੇ 21 ਸੂਰਮਿਆਂ ਜਿੰਨੇ ਤਗੜੇ ਯੋਧੇ ਨਹੀਂ ਵੇਖੇ ਗਏ ਜਿਹੜੇ 10,000 ਕਬਾਈਲੀਆਂ ਨਾਲ ਸਿਧੀ ਟੱਕਰ ਲੈਣ ਲਗਿਆਂ ਰਤੀ ਭਰ ਨਾ ਥਿੜਕੇ ਹੋਣ।

ਪੂਰੀ ਮਾਨਸਿਕ ਤਾਕਤ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਜਾਈ ਖਾਲਸਾ ਫੌਜ ਨੂੰ ਯਾਦ ਕਰਕੇ ਅਤੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਗੂੰਜਦੇ ਜੈਕਾਰਿਆਂ ਰਾਹੀਂ ਉਨ੍ਹਾਂ ਨੂੰ ਮਿਲਦੀ ਰਹੀ।

ਅਣਗਿਣਤ ਸੂਰਮੇ ਹੋਰ ਹਨ ਜਿਨ੍ਹਾਂ ਬਾਰੇ ਕਿਤਾਬਾਂ ਦੇ ਢੇਰ ਲਿਖੇ ਜਾ ਸਕਦੇ ਹਨ। ਸਪਸ਼ਟ ਹੈ ਕਿ ਭਾਰਤ ਨੂੰ ਦੁਸ਼ਮਣਾਂ ਤੋਂ ਬਚਾਉਣ ਵਿਚ ਜਾਨਾਂ ਵਾਰਨ ਵਾਲੇ 80 ਫੀਸਦੀ ਤੋਂ ਵਧ ਸਿਖ ਮੁਛ ਫੁਟ ਗਭਰੂ ਹੀ ਸਨ। ਗੋਲੀਆਂ ਨਾਲ ਛਲਣੀ ਕਰਵਾਉਣ ਵਾਲੀਆਂ ਛਾਤੀਆਂ ਅਤੇ ਦਸਤਾਰਾਂ ਨਾਲ ਸਜੇ ਅਣਖ ਨਾਲ ਉੱਚੇ ਸਿਰਾਂ ਦੇ ਜਜ਼ਬੇ ਸਦਕਾ ਹੀ ਤਖ਼ਤੋ-ਤਾਜ ਇਨ੍ਹਾਂ ਅਗੇ ਝੁਕ ਕੇ ਸਲਾਮ  ਕਰਦੇ ਹਨ ਅਤੇ ਕਰਦੇ ਰਹਿਣਗੇ।

ਦੁਨੀਆ ਭਰ ਵਿਚ ਆਪਣੀ ਤਾਕਤ ਦਾ ਲੋਹਾ ਮੰਨਵਾਉਣ ਵਾਲੇ ਸਿੰਘਾਂ ਦਾ ਇਕੋ ਸੁਣੇਹਾ ਰਿਹਾ "ਪੰਜਾਬ ਦੀ ਧਰਤੀ ਵਿਚੋਂ ਸੂਰਮੇ ਉੱਗਦੇ ਹਨ। ਇਹ ਧਰਤੀ ਹਰੀ ਭਰੀ ਰਖਣਾ। ਇਸ ਨੂੰ ਬੰਜਰ ਨਾ ਹੋਣ ਦੇਣਾ। ਇਥੇ ਡੁਲੇ ਲਹੂ ਦਾ ਸਤਿਕਾਰ ਕਰਨਾ"। ਕੀ ਅਸੀਂ ਪੰਜਾਬ ਨੂੰ ਆਬਾਦ ਅਤੇ ਸੂਰਮਿਆਂ ਦੀ ਯਾਦ ਤਾਜ਼ਾ ਰਖਾਂਗੇ?

**Project Gurbani Recording**

**59 *Shabads* in 15 *Raags* and 57 *Shloks (Guru Teg Bahadur Sahib))* .**

**Kanwal Jit Singh, Delhi -** 9810314120

Guru Tegh Bahadur (born in April 1621) was the epitome of humility and sacrifice. His thoughts of social justice do not find much reference in history. Guru Sahib's 400th birth anniversary is being celebrated since 2021.The *Adi Granth* was completed in 1604 by Guru Arjan. Guru Tegh Bahadur's *Bani* was added by Guru Gobind Singh in Sri Guru Granth Sahib (SGGS) at Damdama Sahib in 1704.

Guru Sahib was a great musician and played various musical instruments as per the *Ragas*. This is the first project in which his verses are recotded by 11 artists from India in original *Raags*. The format is audio-visual and Bhai Baljit Singh Namdhari and Bhai Kultar Singh are the directors. Our work started in October 2021 with Bhai Randhir Singh and we have completed seven out of eleven recordings. Earlier Guru Sahib's *Bani* was recorded in 1975 (during 300th Shahidi Purab) released by HMV (a music company), featuring only 14 out of 59 *Shabads* sung by artists including Bhai Dharam Singh Zakhmi, Bhai Hari Singh, Manna Dey and Neelam Sahni.

Our project was conceived in 2020 as: *Sher-e-Shamsher* to commemorate the 400th birth anniversary of Guru Tegh Bahadur Sahib. It had four parts:

**(a)** ***Footsteps:*** It is a docuseries to document the several travel of the Guru Sahib,
**(b)** ***Bani:*** This part is to record all the *Bani* of Guru Sahib in an audio-visual format,
**(c)** ***Publication***: A nice coffee-table book on the Life and Times of Guru Sahib and
**(d)** ***Daastan****:* A musical performance on Guru's Life and Times.

Due to pandemic and financial constraints, currently it does not have *Daastan*. The recording of *Bani* started in 2021, by 4 *Kirtaniyas* and 7 renowned musicians.

**Main Singers** : *Bhai* Randhir Singh who served in Darbar Sahib for during 1999-2020), a disciple of legendary *Bhai* Bakshish Singh, *Bhai* Kultar Singh (Delhi), son of legendary *Bhai* Avtar Singh, *Bhai* Jaspinder Singh (Hoshiarpur) *Raagi* at Darbar Sahib, Uday Bhawalkar (Pune), exponent of *Drupad,* disciple of Zia Fariduddin Dagar, Manju Shah Patil (Pune) who adopts *Khayal* form, a disciple of Sangeet Acharya Pt. D V Kanebuwa of Agra and Gwalior Gharanas, Manjari Kelkar (Nasik), a *Khayal* singer trained by legendary Kishori Amonkar, Padma Talwalkar, and Dr Meeta Pandit of Gwalior Gharana.

**Accompanists** include: Mohan Shyam Sharma - *Pakhawaj* player, Arshad Khan- *Esraj* and *Dilruba* player, Aktar Hassan, Shambu Nath Bhattacharjee, *Tabla* players, Varun Debnath, Prashant Tyagi, Ustad Fayaz Khan and Pt Suresh Talwalkar who play *Pakhawaj* and *Tabla*. Others include Harpreet Singh Raina who plays *Rabab* in Darbar Sahib, Satvir Singh *Tabla* and *Jori* player with *Bhai* Jaspinder Singh, and Gurmeet Singh who plays *Dilruba.*

We had planned to record all *Bani* of Guru Tegh Bahadur Sahib with 11 artists in nine audio sessions and 11 video sessions to complete the pre-production work. We have so far completed six sessions of audio and six sessions of video and one session of audio/video recordings. One *Shabad* each is in *Raag Asa* and *Raag Bihagara*, and three each in *Raags Bilaval, Ramkali, Tilang, Maru, Jaitsari*, and *Devgandhari*.

Four Shabads are each in *Raags Sarang, Jaijaiwanti* and *Dhanasari*. Five *Shabads* are in *Raag Basant*, nine in *Raag Gauri,* 12 in *Raag Sorath*. We have recorded total 41 *Shabads* and 18 more have to be recorded along with 57 *Shaloks.* The audios have been in one of the best studios Sound Lab in NCR and videos in 4K format in locations visited by Guru Sahib ; Gurudwaras Manji Sahib Kaithal, Bangla Sahib Rohtak, Guru ke Mehal Amritsar, Chola Sahib Baba Bakala, Rakabganj New Delhi, Bahadurgarh Patiala, Bhora Sahib at Anandpur Sahib.

Guru Sahib's *Bani* represents detachment (*Vyrag).* However, *Sorath Raag* depicts belief and *Gauri* depicts striving harder so the *Raags* in which 21 of 59 Shabads depict a sense of optimism. Guru Sahib's reference to Ajamal and Ganka are to tell people that if they can change, any normal human being can do so. Scholars like Bhai Kewal Singh, Ex *Jathedar* Takht Damdama Sahib feel that labelling *Bani* was a deliberate attempt to limit its reach. Bhai Dharam Singh Zakhmi said that *Bani* is *Rasik Vyaragi.*

The great message in *Bani* has not yet reached people in an effcctive way. This project is intended to reach a wider cross section of humanity without loss of its essence. In our recordings, *Bani* is sung in the original *Raags* by eminent musicians. This Project needs support for completion and initiation of next part (Footsteps) involving travel to 151 locations in Punjab, Haryana, Bihar, Assam, West Bengal and Bangladesh to film and document heritage associated with Guru Tegh Bahadur Sahib's visits.





*Bhai* Jaspinder Singh

*Hazuri Raagi*

*Bhai* Randhir Singh

*Hazuri Raagi*



Manjari Kelkar, Nasik (Maharashtra)



Uday Bhawalkar, Pune



Manju Shah Patil, Pune




Dr Meeta Pandit, Delhi (Gwalior Gharana) with
S. Kanwal Jit Singh and *Bhai* Kultar Singh

# ਸਤੰਬਰ ਦਾ ਮਹੀਨਾ

ਰੁਬੀਨਾ ਸਿੰਘ, ਕੈਲਗਰੀ ਯੁਨੀਵਰਸਿਟੀ (ਕੈਨੇਡਾ)

ਸਤੰਬਰ ਮਹੀਨੇ ਦਾ ਨਾਂ ਇੱਕ ਰੋਮਨ ਸਮਰਾਟ ਦੀ ਯਾਦ ਵਿਚ ਰੱਖਿਆ ਗਿਆ ਸੀ। ਨਾਨਕਸ਼ਾਹੀ (ਸੂਰਜੀ) ਸੰਮਤ ਮੁਤਾਬਿਕ 15 ਸਤੰਬਰ ਤੋਂ ਅੱਸੂ ਦਾ ਮਹੀਨਾ ਚੜ੍ਹਦਾ ਹੈ। ਇਸ ਮਹੀਨੇ ਦੀਆਂ ਕੁਝ ਮਹੱਤਵਪੂਰਨ ਗੱਲਾਂ ਇਸ ਪ੍ਰਕਾਰ ਹਨ:

ਸਤੰਬਰ ਦੀ ਪਹਿਲੀ ਤਾਰੀਖ ਨੂੰ Alberta Day ਅਤੇ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਲ਼ੇਬਰ ਡੇ (Labor Day) ਮਨਾਏ ਜਾਂਦੇ ਹਨ।

5-ਸਤੰਬਰ ਨੂੰ World Teachers Day ਮਨਾ ਕੇ ਅਧਿਅਪਕਾਂ ਦੀਆਂ ਸਮਾਜ ਨੂੰ ਦਿੱਤੀਆਂ ਜਾਂਦੀਆਂ ਵੱਡਮੁੱਲੀਆਂ ਸੇਵਾਵਾਂ ਦਾ ਸਤਿਕਾਰ ਕੀਤਾ ਜਾਂਦਾ ਹੈ।

7-ਸਤੰਬਰ World Charity Day ਨੀਯਤ ਹੈ। ਇਹ ਸਾਨੂੰ ਗਰੀਬਾਂ ਅਤੇ ਮਜਬੂਰ ਰੋਗੀਆਂ ਦੀ ਸਹਾਇਤਾ ਕਰਨ ਦੀ ਪ੍ਰੇਰਨਾ ਦਿੰਦਾ ਹੈ।ਇਹ ਦਿਨ ਹਵਾ ਦੇ ਪ੍ਰਦੂਸ਼ਣ ਨੂੰ ਰੋਕਣ ਬਾਰੇ ਸੋਝੀ ਫੈਲਾਉਣ ਲਈ ਵੀ ਮਨਾਇਆ ਜਾਂਦਾ ਹੈ।

8-ਸਤੰਬਰ (UNESCO) World Literacy Day ਵਜੋਂ ਮਨਾਇਆ ਜਾਂਦਾ ਹੈ ਤਾਕਿ ਸੰਸਾਰ ਭਰ ਵਿਚ ਸਭ ਬੱਚਿਆਂ ਨੂੰ ਮੁੱਢਲੀ ਵਿੱਦਿਆ ਦਿੱਤੀ ਜਾ ਸਕੇ।

8-ਸਤੰਬਰ World Physiotherapy Day (ਕੋਵਿਡ ਮਗਰੋਂ) ਲੋਕਾਂ ਦੀ ਤੰਦਰੁਸਤੀ ਲਈ ਨੀਯਤ ਹੋਇਆ ਹੈ।

12 ਸਤੰਬਰ ਨੂੰ “ਸਾਰਾਗੜ੍ਹੀ ਦਿਨ” ਮਨਾਇਆ ਜਾਂਦਾ ਹੈ ਜਿਸ ਦਿਨ 1897 ਵਿਚ 21 ਸਿੱਖਾਂ ਨੇ ਐਸੀ ਬਹਾਦਰੀ ਨਾਲ 10,000 ਪਠਾਣ ਹਮਲਾਵਰਾਂ ਨਾਲ ਜੰਗ ਲੜੀ ਜਿਸ ਦੀ ਦੁਨੀਆਂ ਵਿਚ ਹੋਰ ਕੋਈ ਮਿਸਾਲ ਨਹੀਂ ਮਿਲਦੀ।

15-ਸਤੰਬਰ ਸੰਸਾਰ ਵਿਚ ਲੋਕਤੰਤਰ ਪ੍ਰਚਲਿਤ ਕਰਨ ਲਈ International Day of Democracy ਮਨਾਇਆ ਜਾਂਦਾ ਹੈ।

15-ਸਤੰਬਰ Indian National Engineers Day ‘ਭਾਰਤ ਭੂਸ਼ਨ’ ਸਰ ਵਿਸਵੇਸਰਿਆ ਦੀ ਯਾਦ ਵਿਚ ਮਨਾਇਆ ਜਾਂਦਾ ਹੈ ਜਿਨ੍ਹਾਂ ਨੇ Krishna Raja Sagar Dam ਬਣਾਇਆ ਸੀ।

16-ਸਤੰਬਰ International Ozone Layer Preservation Day ਧਰਤੀ ਦੁਆਲੇ ਕੁਦਰਤੀ ਓਜ਼ੋਨ ਗੈਸ ਨੂੰ ਬਚਾਉਣ ਲਈ ਮਨਾਇਆ ਜਾਂਦਾ ਹੈ ਜੋ ਸੂਰਜ ਤੋਂ ਆਉਣ ਵਾਲੀਆਂ ਨੁਕਸਾਨਦੇਹ Ultra-Violet (UV) Radiation ਤੋਂ ਸਾਨੂੰ ਸੁਰੱਖਿਅਤ ਰਖਦੀ ਹੈ।

26-ਸਤੰਬਰ ਨੂੰ International Nuclear Weapons Elimination Day ਮਨਾਇਆ ਜਾਂਦਾ ਹੈ ਤਾਕਿ ਇਨ੍ਹਾਂ ਦੀ ਵਰਤੋਂ ਅੱਗੇ ਤੋਂ ਬੰਦ ਹੋ ਸਕੇ।

28-ਸਤੰਬਰ World Rabies Day ਲੂਈ ਪਾਸਚਰ ਨੂੰ ਉਸ ਦੇ ਜਨਮ ਦਿਨ ਤੇ ਯਾਦ ਕਰਨ ਲਈ ਮਨਾਇਆ ਜਾਂਦਾ ਹੈ। ਉਸ ਨੇ ਜਾਨਵਰਾਂ ਦੇ ਕੱਟੇ ਦੇ ਇਲਾਜ ਲਈ ਦੁਨੀਆਂ ਦੀ ਪਹਿਲੀ ਅਸਰਦਾਰ ਵੈਕਸੀਨ ਬਣਾਈ ਸੀ।

28- ਸਤੰਬਰ ਨੂੰ World Rivers Day ਮਨਾਇਆ ਜਾਂਦਾ ਹੈ ਜਿਸ ਦਿਨ ਨਦੀਆਂ ਦੇ ਪਾਣੀ (ਖਾਸ ਤੌਰ ਤੇ ਪੀਣ ਵਾਲੇ ਪਾਣੀ) ਨੂੰ ਸਾਫ਼ ਰੱਖਣ ਬਾਰੇ ਲੋਕਾਂ ਵਿਚ ਪ੍ਰਚਾਰ ਕੀਤਾ ਜਾਂਦਾ ਹੈ। ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਫੈਕਟਰੀਆਂ ਦਾ ਰਸਾਇਣਾਂ ਵਾਲਾ ਜ਼ਹਰੀਲਾ ਪਾਣੀ ਦਰਿਆਵਾਂ ਵਿਚ ਨਾ ਪਾਇਆ ਜਾਵੇ।

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਪ੍ਰਸਿੱਧ ਸਾਹਿਤਕਾਰ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। (gurdish.grewal@gmail.com)

ਡਾ. ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। ( singhkabal285@gmail.com)

ਡਾ. ਬਲਦੇਵ ਸਿੰਘ, ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿਚ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ। ਉਨ੍ਹਾਂ ਨੇ ਪੀ.ਐਚ.ਡੀ. ਲਈ "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕਈ ਕੰਪਨੀਆਂ ਨਾਲ ਸਲਾਹਕਾਰ ਵੀ ਰਹੇ ਹਨ। (baldev3@yahoo.com)

ਪ੍ਰੋਫੈਸਰ ਮਨਿੰਦਰ ਸਿੰਘ, ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca.)

ਡਾ. ਦਵਿੰਦਰ ਸਿੰਘ ਸੇਖੋਂ, ਭਾਰਤ ਤੋਂ ਐਮ.ਐਸ.ਸੀ. ਅਤੇ ਕੈਲੀਫੋਰਨੀਆ ਤੋਂ (ਕੈਮਿਸਟਰੀ ਅਤੇ ਵਿਦਿਅਕ ਪ੍ਰਸ਼ਾਸਨ) ਵਿੱਚ ਪੀ.ਐਚ.ਡੀ. ਹਨ। ਉਹ 2009 ਵਿੱਚ ਪ੍ਰੋਫੈਸਰ ਵਜੋਂ ਸੇਵਾਮੁਕਤ ਹੋਏ ਅਤੇ ਸਿੱਖ ਧਰਮ ਬਾਰੇ 9 ਕਿਤਾਬਾਂ, ਕਈ ਲੇਖ ਅਤੇ ਕਾਨਫਰੰਸ ਪੇਪਰ ਲਿਖੇ ਹਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿੱਚ ਅਨੁਵਾਦ ਵੀ ਕੀਤਾ ਹੈ। (Web : www.gurbanisandesh.com).

ਡਾ. ਕਰਨਜੀਤ ਸਿੰਘ ਫਰੀਦਕੋਟ ਵਿਚ Chief Agriculture Officer ਹਨ।

ਡਾ. ਹਰਸ਼ਿੰਦਰ ਕੌਰ ਐੱਮ.ਡੀ. ਹਨ। ਲੈਕਚਰ ਦੇ ਕੇ ਜਾਗਰੂਪਤਾ ਲਿਆ ਰਹੇ ਹਨ। ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਦੇ ਰਹੇ ਹਨ, 41 ਸਨਮਾਨਿਤ ਕਿਤਾਬਾਂ ਅਤੇ ਕਈ ਲੇਖ ਲਿਖੇ ਹਨ। ਚੋਟੀ ਦੀਆਂ ਭਾਰਤੀ ਮਹਿਲਾਵਾਂ ਵਿਚ ਰਾਸ਼ਟਰਪਤੀ ਦੁਆਰਾ ਸਨਮਾਨ, ਪੰਜਾਬ ਤੋਂ ਪੁਰਸਕਾਰ ਅਤੇ ਸਿੱਖ ਰੋਲ ਮਾਡਲਾਂ ਵਿੱਚੋਂ ਹਨ। ਸੰਯੁਕਤ ਰਾਸ਼ਟਰ ਮੀਡੀਆ, 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ' ਅਤੇ ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ ਅਵਾਰਡ' ਪ੍ਰਾਪਤ ਕੀਤੇ। ਕਈ ਟੀ. ਵੀ. ਦੁਆਰਾ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਗਈਆਂ ਹਨ।

ਸ੍ਰ. ਕਰਮਜੀਤ ਸਿੰਘ ਨੂਰ ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੁ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (ksnoor50@gmail.com. )

ਸਰਦਾਰ ਚਮਕੌਰ ਸਿੰਘ ਫ਼ਰਵਰੀ 1994 ਤੋਂ ਸੈਨ ਡੀਏਗੋ ਕੈਲੀਫੋਰਨੀਆ ਵਿੱਚ ਹਨ। ਵੈਟਰਨਰੀ ਡਾਕਟਰ ਹਨ ਅਤੇ 1992 ਤੋਂ ਯੂ.ਐਸ.ਏ. ਵਿੱਚ ਅਭਿਆਸ ਕਰ ਰਹੇ ਹਨ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਗ੍ਰੈਜੂਏਸ਼ਨ ਕੀਤਾ ਹੈ। 1981 ਵਿੱਚ ਲੁਧਿਆਣਾ, ਨਿਰਮਲਾ ਸੰਪਰਦਾ ਤੋਂ ਗੁਰਬਾਣੀ ਦੀ ਸਿਖਲਾਈ ਪ੍ਰਾਪਤ ਕੀਤੀ। ਗੁਰਬਾਣੀ ਵਿਆਕਰਣ ਪੜ੍ਹ ਕੇ ਗੁਰਬਾਣੀ ਦੀ ਵਿਆਖਿਆ ਕਰਨੀ ਸਿੱਖੀ।

ਸਰਦਾਰ ਨਿਰਵੈਰ ਸਿੰਘ ਅਰਸ਼ੀ ਪੰਜਾਬੀ "ਆਨਰਸ" ਨਾਲ ਗ੍ਰੈਜੂਏਟ ਹਨ, ਪੰਜਾਬੀ ਯੂਨੀਵਰਸਿਟੀ ਤੋਂ ਐਮ. ਏ. ਅਤੇ ਫਿਰ ਪੱਤਰਕਾਰੀ ਵਿਚ ਡਿਪਲੋਮਾ ਹਾਸਲ ਕੀਤਾ ਹੈ। "ਸੱਚਖੰਡ ਪੱਤਰ" (ਹਜ਼ੂਰ ਸਾਹਿਬ)) ਦੇ ਮੁੱਖ ਸੰਪਾਦਕ, ਅਤੇ "ਗੁਰਮਤ ਗਿਆਨ" (ਸ਼੍ਰੋਮਣੀ ਕਮੇਟੀ, ਅਮ੍ਰਿਤਸਰ) ਦੇ ਸੰਪਾਦਕ ਰਹੇ। "ਆਵਾਜ਼-ਏ-ਕੌਮ" ਸਪਤਾਹਕ (ਬਰਮਿੰਘਮ) ਦਾ ਸੰਪਾਦਨ ਕੀਤਾ। "ਸਾਹਿਤ ਕੇਂਦਰ" ਦੇਹਰਾਦੂਨ ਦੇ ਨਿਦੇਸ਼ਕ ਅਤੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅਮ੍ਰਿਤਸਰ ਦੇ ਪ੍ਰਿੰਸੀਪਲ ਵਜੋਂ ਸੇਵਾ ਕੀਤੀ। ਇੰਗਲੈਂਡ, ਕਨੇਡਾ ਅਤੇ ਅਫਰੀਕਾ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਰਹੇ, 12 ਕਿਤਾਬਾਂ ਲਿਖੀਆਂ ਅਤੇ ਸੈਂਕੜੇ ਲੇਖ ਛਪਾਏ। ਭਾਰਤ ਅਤੇ ਵਿਦੇਸ਼ਾਂ ਦੀਆਂ ਕਈ ਪ੍ਰਮੁਖ ਸੰਸਥਾਵਾਂ ਵਲੋਂ ਕਈ ਸਨਮਾਨ ਮਿਲੇ।

ਸ੍ਰ. ਗੁਰਭਜਨ ਸਿੰਘ ਗਿੱਲ ਸ਼੍ਰੋਮਣੀ ਕਵੀ, ਟਿੱਪਣੀਕਾਰ, ਵਿਗਿਆਨ ਸਾਹਿਤ ਸੰਪਾਦਕ ਅਤੇ ਖੇਡਾਂ ਦੇ ਖੇਤਰ ਵਿਚ ਸਰਗਰਮ ਹਨ। ਜੀ ਜੀ ਐਨ ਖ਼ਾਲਸਾ ਕਾਲਜ ਤੇ ਗੌਰਮਿੰਟ ਕਾਲਜ ਲੁਧਿਆਣਾ ਤੋਂ ਉਚੇਰੀ ਸਿੱਖਿਆ ਗ੍ਰਹਿਣ ਕੀਤੀ। ਪਾਕਿਸਤਾਨ ਵਿੱਚ ਤਿੰਨ ਪੁਸਤਕਾਂ (ਰਾਵੀ, ਖੈਰ ਪੰਜਾਂ ਪਾਣੀਆਂ ਦੀ ਅਤੇ ਸੁਰ ਤਾਲ) ਸ਼ਾਹਮੁਖੀ ਵਿਚ ਛਾਪੀਆਂ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਰਹੇ। ਪੀ. ਏ. ਯੂ ਲੁਧਿਆਣਾ ਵਿੱਚ ਮਾਸਿਕ "ਚੰਗੀ ਖੇਤੀ" ਦੇ ਸੀਨੀਅਰ ਸੰਪਾਦਕ ਰਹੇ। ਸੇਵਾਮੁਕਤ ਹੋ ਕੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿੱਚ ਡਾਇਰੈਕਟਰ ਯੋਜਨਾ ਤੇ ਵਿਕਾਸ ਰਹੇ। ਹੁਣ "ਲੋਕ ਵਿਰਾਸਤ ਅਕੈਡਮੀ" ਦੇ ਚੇਅਰਮੈਨ ਹਨ।

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਨੂੰ ਪ੍ਰਫੁੱਲਤ ਕਰਨਾ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲੇਖ/ ਕਵਿਤਾਵਾਂ, ਸਮੀਖਿਆ ਕਰਕੇ ਛਾਪਣਾ।
2. ਸੰਪਾਦਕੀ ਬੋਰਡ ਲੇਖਕਾਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੈ, ਜ਼ਿਮੇਵਾਰੀ ਲੇਖਕਾਂ ਦੀ ਹੋਵੇਗੀ।
3. ਲਿਖਤ ਅਨਮੋਲ ਲਿਪੀ ਵਿਚ ਜਾਂ Times New Roman (12/14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ ਜੀ।
6. ਲੇਖਕ ਦਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ ਨੰਬਰ, ਈ-ਮੇਲ ਅਡ੍ਰੈਸ, ਵੱਟਸਐਪ ਤੇ ਆਪਣੀ ਸੰਖੇਪ ਜਾਣਕਾਰੀ ਦਿਓ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ-ਜਾਂ 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਲੰਬੇ ਲੇਖ ਵੈੱਬਸਾਈਟ (***sanjihivrasat.org***) ਦੇ 'ਬਲੌਗ' 'ਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਆਪਣੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '*Copyright Infringement*' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## Important Information for Authors

1. Magazine Policy : To Promote Punjabi Culture, History and Heritage. (By Secular, Non-Political, Non-Personal Articles/Poems, after Review)
2. Editorial Board : Will **not** be responsible for views of Authors / Poets.
3. Font size 12/14 : Panjabi-'Anmol Lipi' (English -Times New Roman)
4. Spacing, margin : Line-to-line 1.0, Margins One Inch on all four sides.
5. Format -WORD : No PDF, Photocopy, Print-screen, Snip, Office-Lens
6. Author's Data : Name, City (Country), A Brief (own) Introduction, Give Phone, E-mail, or WhatsApp. (photo is optional).
7. Maximum Length : Two pages (Including Photo) of 800 Laptop words.
8. Longer Articles : On BLOG Website ***(sanjhivirasat.org)*** or serialized.
9. Copy -Right (CR) : Authors will ensure there is 'No CR' Infringement.
10. References/Photos : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)


| | |
|---|---|
| ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਰਾਜਬੀਰ ਸਿੰਘ ਭੱਟੀ (ਮੁਖ ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |


### ਸਲਾਹਕਾਰ


| | |
|---|---|
| ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ



ਡਾ. ਰਾਜਾ ਬਲਰਾਜ ਸਿੰਘ


ਗੁਰਦੀਸ਼ ਕੌਰ ਗਰੇਵਾਲ


ਪ੍ਰੋਫ਼ੈਸਰ ਮਨਿੰਦਰ ਸਿੰਘ


ਡਾ. ਕਾਬਲ ਸਿੰਘ


ਡਾ. ਬਲਦੇਵ ਸਿੰਘ


ਸ. ਜਗਬੀਰ ਸਿੰਘ ਕੋਹਲੀ


ਸ. ਪਰਮਜੀਤ ਸਿੰਘ


ਪ੍ਰਿੰਸੀਪਲ ਮਨਮੋਹਨ ਕੌਰ


ਸ੍ਰ. ਉਂਕਾਰ ਸਿੰਘ ਟਿਵਾਣਾ


ਡਾ. ਰਾਜਬੀਰ ਸਿੰਘ ਭੱਟੀ


ਸ ਯੁਵਰਾਜ ਸਿੰਘ


ਡਾ. ਸੁਰਜੀਤ ਸਿੰਘ ਭੱਟੀ

**ਸਲਾਹਕਾਰ**



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ

*****

View Video about
Nawab Jassa Singh Ahluwalia

https://youtube.com/shorts/MF6_2JAis7U?feature=share